ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ




VOL-13 ISSUE 2562 | 22 August, 2026 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

## ਅਕਾਲੀ-ਭਾਜਪਾ 2027 ਦੀਆਂ ਪੰਜਾਬ ਵਿਧਾਨ ਸਭਾਂ ਚੋਣਾਂ ਇਕੱਠੇ ਲੜ ਸਕਦੇ? -ਮਜੀਠੀਆ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਪੰਜਾਬ ਵਿਚ ਭਾਜਪਾ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਬਾਰੇ ਕਿਆਸ ਅਰਾਈਆਂ ਦੇ ਵਿਚਕਾਰ ਬਿਕਰਮ ਸਿੰਘ ਮਜੀਠੀਆ ਦਾ ਇੱਕ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਦੋਵੇਂ ਪਾਰਟੀਆਂ ਸੰਭਾਵਤ ਤੌਰ ਉਤੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਇਕੱਠੇ ਲੜ ਸਕਦੀਆਂ ਹਨ।



ਮਜੀਠੀਆ ਨੇ ਅਕਾਲੀ-ਭਾਜਪਾ ਗੱਠਜੋੜ ਨੂੰ ਲੈ ਕੇ ਵੱਡਾ ਬਿਆਨ ਦਿੰਦਿਆਂ ਕਿਹਾ ਹੈ ਕਿ ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਮੁੜ ਇੱਕਜੁੱਟ ਹੋਣ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਬੰਧੀ ਆਉਣ ਵਾਲੇ ਸਮੇਂ ਵਿੱਚ ਸਥਿਤੀ ਪੂਰੀ ਤਰ੍ਹਾਂ ਸਾਫ਼ ਹੋ ਜਾਵੇਗੀ ਅਤੇ ਦੋਵਾਂ ਪਾਰਟੀਆਂ ਦੀ ਉੱਚ ਲੀਡਰਸ਼ਿਪ ਆਪਸ ਵਿੱਚ ਬੈਠ ਕੇ ਇਸ ਬਾਰੇ ਅੰਤਿਮ ਫੈਸਲਾ ਲਵੇਗੀ। ਮਜੀਠੀਆ ਨੇ ਅੱਗੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਵਾਦ ਤੋਂ ਬਾਅਦ ਦੋਵਾਂ ਪਾਰਟੀਆਂ ਦੇ ਰਾਹ ਵੱਖ-ਵੱਖ ਹੋ ਗਏ ਸਨ, ਪਰ ਅੱਜ ਪੰਜਾਬ ਦੀਆਂ ਸਥਿਤੀਆਂ ਬਦਲ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਦਿਨ-ਬ-ਦਿਨ ਵਿਗੜ ਰਹੀ ਕਾਨੂੰਨ ਤੇ ਵਿਵਸਥਾ (ਲਾਅ ਐਂਡ ਆਰਡਰ) ਦੀ ਸਥਿਤੀ ਅਤੇ ਹੋਰ ਗੰਭੀਰ ਮੁੱਦਿਆਂ ਨੂੰ ਦੇਖਦਿਆਂ ਪੰਜਾਬ ਦੇ ਲੋਕ ਇਹ ਮੰਗ ਕਰ ਰਹੇ ਹਨ ਕਿ ਦੋਵਾਂ ਧਿਰਾਂ ਨੂੰ ਮੁੜ ਇੱਕ ਨਾਲ ਆਉਣਾ ਚਾਹੀਦਾ ਹੈ। ਆਪਣੀ ਭੈਣ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਵਿੱਚ ਵਾਪਸੀ ਦੇ ਦਿੱਤੇ ਸੰਕੇਤ ਤੋਂ ਇੱਕ ਦਿਨ ਬਾਅਦ, ਮਜੀਠੀਆ ਨੇ ਕਿਹਾ ਕਿ ਇਹ ਗੱਠਜੋੜ ਅੱਜ ਸੂਬੇ ਦੇ ਲੋਕਾਂ ਦੀ ਪੁਰਜ਼ੋਰ ਮੰਗ ਹੈ। ਉਨ੍ਹਾਂ ਕਿਹਾ ਕਿ ਹਰਸਿਮਰਤ ਕੌਰ ਬਾਦਲ ਨੇ ਸੰਕੇਤ ਦਿੱਤਾ ਹੈ ਅਤੇ ਲੋਕ ਵੀ ਇਹੀ ਚਾਹੁੰਦੇ ਹਨ। ਵਾਜਪਾਈ ਸਾਹਿਬ ਅਤੇ ਬਾਦਲ ਸਾਹਿਬ ਦਾ ਗੱਠਜੋੜ ਭਾਈਚਾਰੇ, ਅਮਨ-ਸ਼ਾਂਤੀ ਅਤੇ ਹਿੰਦੂ-ਸਿੱਖ ਏਕਤਾ 'ਤੇ ਅਧਾਰਿਤ ਸੀ, ਜੋ ਪੰਜਾਬ ਅਤੇ ਕੇਂਦਰ ਦੋਵਾਂ ਥਾਵਾਂ 'ਤੇ ਬੇਹੱਦ ਸਫ਼ਲ ਰਿਹਾ।"


## ਰਾਹੁਲ ਗਾਂਧੀ ਅੰਮ੍ਰਿਤਸਰ ਤੋਂ ਪੰਜਾਬ ਦਾ ਆਪਣਾ ਚੋਣ ਦੌਰਾ ਸ਼ੁਰੂ ਕਰ ਸਕਦੇ ਹਨ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਪੰਜਾਬ ਕਾਂਗਰਸ ਵਿੱਚ ਸੂਤਰਾਂ ਮੁਤਾਬਕ ਫਿਲਹਾਲ ਕਿਸੇ ਵੱਡੇ ਸੰਗਠਨਾਤਮਕ ਫੇਰਬਦਲ ਦੀ ਸੰਭਾਵਨਾ ਘੱਟ ਹੈ। ਪਾਰਟੀ ਇੰਚਾਰਜ ਵੱਲੋਂ ਸੰਕੇਤ ਦਿੱਤੇ ਗਏ ਹਨ ਕਿ ਵਿਆਪਕ ਤਬਦੀਲੀ ਦੀ ਬਜਾਏ ਸੰਗਠਨ ਦੇ ਵਿਸਥਾਰ 'ਤੇ ਧਿਆਨ ਦਿੱਤਾ ਜਾ ਸਕਦਾ ਹੈ। ਇਸੇ ਵਿਚਕਾਰ ਪੰਜਾਬ ਵਿੱਚ ਕਾਂਗਰਸ ਦੀਆਂ ਚੋਣੀ ਸਰਗਰਮੀਆਂ ਤੇਜ਼ ਕਰਨ ਦੀ ਤਿਆਰੀ ਵੀ ਚੱਲ ਰਹੀ ਹੈ। ਸੂਤਰਾਂ ਅਨੁਸਾਰ ਰਾਹੁਲ ਗਾਂਧੀ ਅੰਮ੍ਰਿਤਸਰ ਤੋਂ ਪੰਜਾਬ ਦਾ ਆਪਣਾ ਚੋਣ ਦੌਰਾ ਸ਼ੁਰੂ ਕਰ ਸਕਦੇ ਹਨ। ਸੰਭਾਵਿਤ ਪ੍ਰੋਗਰਾਮ ਮੁਤਾਬਕ ਰਾਹੁਲ ਗਾਂਧੀ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਆਗੂਆਂ ਨਾਲ ਬੱਸ ਯਾਤਰਾ ਕਰ ਸਕਦੇ ਹਨ। ਇਸ ਯਾਤਰਾ ਨੂੰ ਲੈ ਕੇ ਪਾਰਟੀ ਪੱਧਰ 'ਤੇ ਤਿਆਰੀਆਂ ਬਾਰੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਸੂਤਰਾਂ ਮੁਤਾਬਕ ਪ੍ਰਸਤਾਵਿਤ ਬੱਸ ਯਾਤਰਾ ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ ਹੁਸੈਨੀਵਾਲਾ ਤੱਕ ਜਾ ਸਕਦੀ ਹੈ। ਯਾਤਰਾ ਦੀ ਕੁੱਲ ਦੂਰੀ ਲਗਭਗ 135 ਕਿਲੋਮੀਟਰ ਰਹਿਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਇਸ ਦੌਰੇ ਦੇ ਪਹਿਲੇ ਪੜਾਅ ਵਿੱਚ ਰਾਹੁਲ ਗਾਂਧੀ ਦੀ ਯਾਤਰਾ ਕਰੀਬ 25 ਤੋਂ 30 ਵਿਧਾਨ ਸਭਾ ਹਲਕਿਆਂ ਵਿੱਚੋਂ ਲੰਘ ਸਕਦੀ ਹੈ। ਇਸ ਦੌਰਾਨ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਸੰਪਰਕ ਵਧਾਉਣ 'ਤੇ ਵੀ ਧਿਆਨ ਦਿੱਤਾ ਜਾ ਸਕਦਾ ਹੈ। ਪੰਜਾਬ ਕਾਂਗਰਸ ਲਈ ਇਹ ਦੌਰਾ ਸਿਆਸੀ ਤੌਰ 'ਤੇ ਅਹਿਮ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਆਪਣੀ ਸਰਗਰਮੀ ਵਧਾਉਣ ਦਾ ਮੌਕਾ ਮਿਲ ਸਕਦਾ ਹੈ। ਹਾਲਾਂਕਿ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਦੀਆਂ ਤਰੀਕਾਂ ਬਾਰੇ ਅਜੇ ਅਧਿਕਾਰਤ ਐਲਾਨ ਨਹੀਂ ਹੋਇਆ। ਸੂਤਰਾਂ ਦਾ ਕਹਿਣਾ ਹੈ ਕਿ ਪ੍ਰੋਗਰਾਮ ਨੂੰ ਅੰਤਿਮ ਰੂਪ ਮਿਲਣ ਤੋਂ ਬਾਅਦ ਤਰੀਕਾਂ ਦਾ ਐਲਾਨ ਜਲਦ ਕੀਤਾ ਜਾ ਸਕਦਾ ਹੈ। ਹੁਣ ਸਾਰਿਆਂ ਦੀ ਨਜ਼ਰ ਇਸ ਗੱਲ 'ਤੇ ਹੈ ਕਿ ਪੰਜਾਬ ਕਾਂਗਰਸ ਵਿੱਚ ਸੰਗਠਨ ਦੇ ਵਿਸਥਾਰ ਤੱਕ ਹੀ ਬਦਲਾਅ ਸੀਮਤ ਰਹਿੰਦਾ ਹੈ ਜਾਂ ਆਉਣ ਵਾਲੇ ਦਿਨਾਂ ਵਿੱਚ ਕੋਈ ਹੋਰ ਵੱਡਾ ਫੈਸਲਾ ਸਾਹਮਣੇ ਆਉਂਦਾ ਹੈ। ਇਸ ਦੇ ਨਾਲ ਰਾਹੁਲ ਗਾਂਧੀ ਦੀ ਸੰਭਾਵਿਤ ਬੱਸ ਯਾਤਰਾ ਵੀ ਪੰਜਾਬ ਦੀ ਸਿਆਸਤ ਵਿੱਚ ਚਰਚਾ ਦਾ ਵਿਸ਼ਾ ਬਣ ਗਈ ਹੈ।








Space availabe for Ad
Contact #
+1 (209) 303-1260







Space availabe for Ad
Contact #
+1 (209) 303-1260






# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਬੰਦੀ ਸਿੰਘਾਂ ਦਾ ਮੁੱਦਾ: ਸੰਵਿਧਾਨ, ਕਾਨੂੰਨ ਮਾਨਵੀ ਦ੍ਰਿਸ਼ਟੀਕੋਣ ਤੇ ਸਿਆਸਤ

SANJHI SOCH
ਪ੍ਰੋ: ਸਰਚਾਂਦ ਸਿੰਘ ਖਿਆਲਾ
97813-55522



ਪੰਜਾਬ ਦੀ ਧਰਤੀ ਨੇ ਪਿਛਲੇ ਕਈ ਦਹਾਕਿਆਂ ਦੌਰਾਨ ਹਿੰਸਾ, ਅੱਤਵਾਦ, ਰਾਜਸੀ ਟਕਰਾਅ ਅਤੇ ਬੇਅੰਤ ਪਰਿਵਾਰਾਂ ਦੇ ਅਸਹਿ ਦਰਦ ਨੂੰ ਆਪਣੇ ਸੀਨੇ ਉੱਤੇ ਝੱਲਿਆ ਹੈ। ਅੱਜ ਵੀ ਜਦੋਂ "ਬੰਦੀ ਸਿੰਘਾਂ" ਦੀ ਗੱਲ ਛਿੜਦੀ ਹੈ ਤਾਂ ਇਹ ਕੇਵਲ ਇੱਕ ਕਾਨੂੰਨੀ ਬਹਿਸ ਨਹੀਂ ਰਹਿੰਦੀ, ਸਗੋਂ ਇਤਿਹਾਸ, ਇਨਸਾਫ਼, ਸਿੱਖ ਭਾਵਨਾਵਾਂ ਅਤੇ ਪੀੜਤ ਪਰਿਵਾਰਾਂ ਦੀ ਪੀੜਾ ਨਾਲ ਜੁੜਿਆ ਹੋਇਆ ਇੱਕ ਬਹੁਤ ਹੀ ਸੰਵੇਦਨਸ਼ੀਲ ਵਿਸ਼ਾ ਬਣ ਜਾਂਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਹਰ ਚੋਣ ਤੋਂ ਪਹਿਲਾਂ ਇਹ ਮਸਲਾ ਮੁੜ ਸਿਆਸੀ ਮੰਚਾਂ ਦਾ ਹਥਿਆਰ ਬਣ ਜਾਂਦਾ ਹੈ, ਜਦਕਿ ਇਸ ਦਾ ਸਥਾਈ ਹੱਲ ਕੇਵਲ ਸੰਵਿਧਾਨ, ਕਾਨੂੰਨ ਦੇ ਰਾਜ ਅਤੇ ਮਾਨਵੀ ਦ੍ਰਿਸ਼ਟੀਕੋਣ ਵਿੱਚ ਹੀ ਨਿਹਿਤ ਹੈ।

ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੇ ਮਾਮਲਿਆਂ ਨੂੰ ਸਿਰਫ਼ ਅਪਰਾਧ ਦੀ ਸੰਕੀਰਨ ਕਾਨੂੰਨੀ ਪਰਿਭਾਸ਼ਾ ਤੱਕ ਸੀਮਿਤ ਕਰਕੇ ਨਹੀਂ ਦੇਖਿਆ ਜਾ ਸਕਦਾ। ਉਹ ਜਨਮਜਾਤ ਜਾਂ ਪੇਸ਼ੇਵਰ ਅਪਰਾਧੀ ਨਹੀਂ ਸਨ। ਉਨ੍ਹਾਂ ਦੇ ਮਾਮਲੇ ਪੰਜਾਬ ਦੇ ਉਸ ਅਸ਼ਾਂਤ ਦੌਰ, ਕਾਂਗਰਸ ਸਰਕਾਰਾਂ ਦੀਆਂ ਰਾਜਨੀਤਕ ਵਿਤਕਰਿਆਂ ਅਤੇ ਲੰਬੇ ਸਮੇਂ ਤੱਕ ਚੱਲੇ ਟਕਰਾਅ ਨਾਲ ਜੁੜੇ ਹੋਏ ਹਨ। ਇਸ ਲਈ ਜਿੱਥੇ ਕਾਨੂੰਨ ਆਪਣਾ ਕੰਮ ਕਰੇ, ਉੱਥੇ ਮਾਨਵੀ ਪੱਖ ਨੂੰ ਵੀ ਬਰਾਬਰ ਦੀ ਸੰਵੇਦਨਸ਼ੀਲਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਨਿਆਂ ਦਾ ਤਕਾਜ਼ਾ ਇਹ ਵੀ ਹੈ ਕਿ ਅਸੀਂ ਦੂਜੇ ਪਾਸੇ ਦੇ ਦਰਦ ਨੂੰ ਨਜ਼ਰਅੰਦਾਜ਼ ਨਾ ਕਰੀਏ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਸਮੇਂ ਮਾਰੇ ਗਏ 16 ਹੋਰ ਵਿਅਕਤੀਆਂ ਦੇ ਪਰਿਵਾਰਾਂ ਸਮੇਤ ਉਸ ਹਿੰਸਕ ਦੌਰ ਦੇ ਸਾਰੇ ਪੀੜਤਾਂ ਦੀ ਪੀੜਾ ਵੀ ਉਤਨੀ ਹੀ ਸੱਚੀ ਅਤੇ ਸਨਮਾਨਯੋਗ ਹੈ। ਅਸਲ ਨਿਆਂ ਕਿਸੇ ਇੱਕ ਧਿਰ ਨਾਲ ਹਮਦਰਦੀ ਦਾ ਨਾਮ ਨਹੀਂ, ਸਗੋਂ ਹਰ ਪੀੜਤ ਦੇ ਦਰਦ ਨੂੰ ਬਰਾਬਰ ਸੰਵੇਦਨਸ਼ੀਲਤਾ ਨਾਲ ਸਵੀਕਾਰ ਕਰਨ ਦਾ ਨਾਮ ਹੈ।

ਮੈਂ ਸਪੱਸ਼ਟ ਤੌਰ 'ਤੇ ਉਨ੍ਹਾਂ ਬੰਦੀ ਸਿੰਘਾਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਹੱਕ ਵਿੱਚ ਹਾਂ, ਜਿਨ੍ਹਾਂ ਦੇ ਮਾਮਲੇ ਕਾਨੂੰਨ ਅਨੁਸਾਰ ਯੋਗ ਹਨ। ਜਿੱਥੇ ਕਾਨੂੰਨੀ ਪ੍ਰਾਵਧਾਨ ਰਿਹਾਈ ਜਾਂ ਸਜ਼ਾ ਵਿੱਚ ਛੋਟ ਦੀ ਆਗਿਆ ਦਿੰਦੇ ਹਨ, ਉੱਥੇ ਫ਼ੈਸਲਾ ਨਿਰਪੱਖ ਅਤੇ ਬਿਨਾਂ ਕਿਸੇ ਪੱਖਪਾਤ ਦੇ ਹੋਣਾ ਚਾਹੀਦਾ ਹੈ। ਇਸੇ ਸੰਦਰਭ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਅਕਤੂਬਰ 2019 ਵਿੱਚ ਜਾਰੀ ਕੀਤਾ ਗਿਆ ਨੋਟੀਫ਼ਿਕੇਸ਼ਨ ਇੱਕ ਮਹੱਤਵਪੂਰਨ ਕਦਮ ਸੀ, ਜਿਸ ਰਾਹੀਂ ਸਬੰਧਤ ਰਾਜਾਂ ਨੂੰ ਅੱਠ ਬੰਦੀ ਸਿੰਘਾਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਿਹਾ ਗਿਆ। ਇਸ ਦੇ ਨਤੀਜੇ ਵਜੋਂ ਛੇ ਬੰਦੀ ਸਿੰਘ ਰਿਹਾਅ ਹੋ ਚੁੱਕੇ ਹਨ, ਜਦਕਿ ਦੋ ਮਾਮਲੇ ਕਰਨਾਟਕ ਅਤੇ ਦਿੱਲੀ ਸਰਕਾਰਾਂ ਕੋਲ ਲੰਬਿਤ ਹਨ। ਬਲਵੰਤ ਸਿੰਘ ਰਾਜੋਆਣਾ ਦੀ ਦਇਆ ਪਟੀਸ਼ਨ ਦਾ ਮਾਮਲਾ ਵੀ ਸੁਪਰੀਮ ਕੋਰਟ ਵੱਲੋਂ ਅਜੇ ਅੰਤਿਮ ਤੌਰ 'ਤੇ ਨਿਪਟਿਆ ਜਾਣਾ ਹੈ।

ਬੰਦੀ ਸਿੰਘਾਂ ਦੀ ਪਰਿਭਾਸ਼ਾ ਅਤੇ ਗਿਣਤੀ ਨੂੰ ਲੈ ਕੇ ਵੱਖ-ਵੱਖ ਜਥੇਬੰਦੀਆਂ ਦੇ ਆਪਣੇ-ਆਪਣੇ ਦਾਅਵੇ ਹਨ। ਪਰ ਇੱਕ ਸੰਵਿਧਾਨਕ ਲੋਕਤੰਤਰ ਵਿੱਚ ਕਿਸੇ ਵੀ ਵਿਅਕਤੀ ਦੀ ਕਿਸਮਤ ਸੜਕਾਂ ਦੇ ਦਬਾਅ ਜਾਂ ਸਿਆਸੀ ਨਾਅਰਿਆਂ ਨਾਲ ਤੈਅ ਨਹੀਂ ਹੋ ਸਕਦੀ। ਰਿਹਾਈ ਦਾ ਫ਼ੈਸਲਾ ਸਥਾਪਿਤ ਕਾਨੂੰਨੀ ਨੀਤੀ, ਸਜ਼ਾ ਦੀ ਮਿਆਦ, ਕੈਦੀ ਦੇ ਆਚਰਨ ਅਤੇ ਹੋਰ ਵਿਧਾਨਿਕ ਮਾਪਦੰਡਾਂ ਦੇ ਆਧਾਰ 'ਤੇ ਹੀ ਹੋਣਾ ਚਾਹੀਦਾ ਹੈ।

ਕੌਮੀ ਇਨਸਾਫ਼ ਮੋਰਚੇ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦੇ ਸੰਦਰਭ ਵਿੱਚ ਮੇਰਾ ਪੱਕਾ ਵਿਸ਼ਵਾਸ ਹੈ ਕਿ ਸ਼ਾਂਤਮਈ ਵਿਰੋਧ ਹਰ ਨਾਗਰਿਕ ਦਾ ਲੋਕਤੰਤਰਿਕ ਅਧਿਕਾਰ ਹੈ। ਪਰ ਕੋਈ ਵੀ ਅੰਦੋਲਨ ਅਜਿਹਾ ਰੂਪ ਨਹੀਂ ਧਾਰ ਸਕਦਾ ਜਿਸ ਨਾਲ ਆਮ ਲੋਕਾਂ ਦੀ ਰੋਜ਼ੀ-ਰੋਟੀ, ਵਪਾਰ ਜਾਂ ਸਮਾਜਿਕ ਸ਼ਾਂਤੀ ਪ੍ਰਭਾਵਿਤ ਹੋਵੇ। ਪੰਜਾਬ ਪਹਿਲਾਂ ਹੀ ਹਿੰਸਾ ਦੀ ਬਹੁਤ ਵੱਡੀ ਕੀਮਤ ਅਦਾ ਕਰ ਚੁੱਕਾ ਹੈ; ਇਸ ਨੂੰ ਮੁੜ ਅਸਥਿਰਤਾ ਵੱਲ ਨਹੀਂ ਧੱਕਿਆ ਜਾਣਾ ਚਾਹੀਦਾ।

ਇਸੇ ਪ੍ਰਸੰਗ ਵਿੱਚ ਮੰਡੋਲੀ ਜੇਲ੍ਹ ਤੋਂ ਜਗਤਾਰ ਸਿੰਘ ਹਵਾਰਾ ਵੱਲੋਂ ਨੌਜਵਾਨਾਂ ਨੂੰ ਸੰਜਮ ਵਰਤਣ, ਕਾਨੂੰਨ ਆਪਣੇ ਹੱਥ ਵਿੱਚ ਨਾ ਲੈਣ, ਹਿੰਸਾ ਤੋਂ ਦੂਰ ਰਹਿਣ ਅਤੇ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਰਹਿਣ ਦੀ ਕੀਤੀ ਅਪੀਲ ਵਿਸ਼ੇਸ਼ ਪ੍ਰਸ਼ੰਸਾਯੋਗ ਹੈ। ਇਹ ਇੱਕ ਸਕਾਰਾਤਮਿਕ ਅਤੇ ਸ਼ਾਂਤੀਪੂਰਨ ਸੰਦੇਸ਼ ਹੈ, ਜਿਸ ਦੀ ਅੱਜ ਪੰਜਾਬ ਨੂੰ ਸਭ ਤੋਂ ਵੱਧ ਲੋੜ ਹੈ।

ਮੋਰਚੇ ਦੀ ਪ੍ਰਕਿਰਤੀ ਅਤੇ ਕਾਰਗੁਜ਼ਾਰੀ ਵੀ ਗੰਭੀਰ ਸਵਾਲ ਖੜ੍ਹੇ ਕਰਦੀ ਹੈ। 18 ਜਨਵਰੀ 2023 ਨੂੰ ਮੋਹਾਲੀ-ਚੰਡੀਗੜ੍ਹ ਸਰਹੱਦ 'ਤੇ ਚੱਲ ਰਹੇ ਕੌਮੀ ਇਨਸਾਫ਼ ਮੋਰਚੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਿਰੁੱਧ ਨਾਅਰੇਬਾਜ਼ੀ ਹੋਈ ਅਤੇ ਉਨ੍ਹਾਂ ਦੀ ਗੱਡੀ 'ਤੇ ਹਮਲਾ ਕਰਕੇ ਭੰਨਤੋੜ ਕੀਤੀ ਗਈ। ਜੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਦੇ ਮੁਖੀ ਦੀ ਮਰਯਾਦਾ ਅਤੇ ਸੁਰੱਖਿਆ ਦਾ ਹੀ ਸਤਿਕਾਰ ਨਹੀਂ ਕੀਤਾ ਜਾ ਸਕਦਾ, ਤਾਂ ਅਜਿਹੇ ਅੰਦੋਲਨ ਦੀ ਦਿਸ਼ਾ ਅਤੇ ਨੀਅਤ ਬਾਰੇ ਸਵਾਲ ਉੱਠਣਾ ਸੁਭਾਵਿਕ ਹੈ।

ਸਾਬਕਾ ਬੰਦੀ ਸਿੰਘ ਗੁਰਦੀਪ ਸਿੰਘ ਖੈੜਾ ਖ਼ੁਦ ਜਨਤਕ ਤੌਰ 'ਤੇ ਕਹਿ ਚੁੱਕੇ ਹਨ ਕਿ ਉਨ੍ਹਾਂ ਦੀ ਰਿਹਾਈ ਜਾਂ ਕਾਨੂੰਨੀ ਰਾਹਤ ਵਿੱਚ ਕਿਸੇ ਵੀ ਰਿਹਾਈ ਮੋਰਚੇ ਦੀ ਕੋਈ ਭੂਮਿਕਾ ਨਹੀਂ ਸੀ। ਜੇ ਅਜਿਹਾ ਹੈ, ਤਾਂ ਫਿਰ ਇਹ ਪ੍ਰਭਾਵ ਵਾਰ-ਵਾਰ ਕਿਉਂ ਬਣਾਇਆ ਜਾਂਦਾ ਹੈ ਕਿ ਹਰ ਰਿਹਾਈ ਸਿਰਫ਼ ਸਿਆਸੀ ਅੰਦੋਲਨਾਂ ਦੇ ਦਬਾਅ ਦਾ ਨਤੀਜਾ ਹੈ?

ਜੇ ਕੌਮੀ ਇਨਸਾਫ਼ ਮੋਰਚਾ ਸੱਚਮੁੱਚ ਬੰਦੀ ਸਿੰਘਾਂ ਦੇ ਮਸਲੇ ਪ੍ਰਤੀ ਗੰਭੀਰ ਹੈ, ਤਾਂ ਉਸ ਨੂੰ ਸੰਵਿਧਾਨਕ ਅਤੇ ਕਾਨੂੰਨੀ ਰਾਹ ਨੂੰ ਪਹਿਲ ਦੇਣੀ ਚਾਹੀਦੀ ਹੈ। ਪੰਜਾਬ ਨੂੰ ਨਸ਼ੇ, ਬੇਰੁਜ਼ਗਾਰੀ, ਉਦਯੋਗਾਂ ਦੇ ਪਲਾਇਨ, ਨਿਵੇਸ਼ ਦੀ ਘਾਟ ਅਤੇ ਨੌਜਵਾਨਾਂ ਦੇ ਅਨਿਸ਼ਚਿਤ ਭਵਿੱਖ ਵਰਗੇ ਮੁੱਦਿਆਂ 'ਤੇ ਵੀ ਉਤਨੇ ਹੀ ਦ੍ਰਿੜ੍ਹ ਸੰਘਰਸ਼ ਦੀ ਲੋੜ ਹੈ। ਧਾਰਮਿਕ ਭਾਵਨਾਵਾਂ ਨੂੰ ਵਾਰ-ਵਾਰ ਸਿਆਸੀ ਲਾਮਬੰਦੀ ਦਾ ਸਾਧਨ ਨਹੀਂ ਬਣਾਇਆ ਜਾਣਾ ਚਾਹੀਦਾ। ਬੰਦੀ ਸਿੰਘਾਂ ਦਾ ਮੁੱਦਾ ਨਾ ਕਿਸੇ ਪਾਰਟੀ ਦੀ ਚੋਣੀ ਜਿੱਤ ਦਾ ਸਾਧਨ ਬਣੇ ਅਤੇ ਨਾ ਹੀ ਭਾਵਨਾਤਮਕ ਰਾਜਨੀਤੀ ਦਾ ਹਥਿਆਰ; ਇਸ ਦਾ ਹੱਲ ਮਾਨਵੀ ਨਿਆਂ, ਸੰਵਿਧਾਨਕ ਪ੍ਰਕਿਰਿਆ ਅਤੇ ਸਥਾਈ ਸ਼ਾਂਤੀ ਵਿੱਚ ਹੀ ਨਿਹਿਤ ਹੈ।

## ਹਵਾਰਾ ਦੀ ਪੈਰੋਲ: ਮਾਨਵੀ ਹਮਦਰਦੀ ਜਾਂ ਸਿਆਸੀ ਮੌਕਾਪ੍ਰਸਤੀ?

ਬੰਦੀ ਸਿੰਘਾਂ ਦਾ ਮੁੱਦਾ ਮਨੁੱਖੀ ਅਧਿਕਾਰ ਅਤੇ ਕਾਨੂੰਨੀ ਨਿਆਂ ਨਾਲ ਜੁੜਿਆ ਹੋਇਆ ਹੈ; ਇਸ ਨੂੰ ਚੋਣ ਰਾਜਨੀਤੀ ਦਾ ਨਾਅਰਾ ਨਹੀਂ ਬਣਾਇਆ ਜਾਣਾ ਚਾਹੀਦਾ। ਹਰ ਕੈਦੀ ਨੂੰ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਨਿਆਂ ਮਿਲਣਾ ਚਾਹੀਦਾ ਹੈ ਅਤੇ ਜਿੱਥੇ ਪੈਰੋਲ ਜਾਂ ਸਮੇਂ ਤੋਂ ਪਹਿਲਾਂ ਰਿਹਾਈ ਕਾਨੂੰਨੀ ਤੌਰ 'ਤੇ ਸੰਭਵ ਹੋਵੇ, ਉੱਥੇ ਫ਼ੈਸਲਾ ਨਿਰਪੱਖ ਹੋਣਾ ਚਾਹੀਦਾ ਹੈ।

ਇਸੇ ਲਈ 8 ਅਗਸਤ 2026 ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਜਪਾਲ ਨੂੰ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਦੀ ਸਿਫ਼ਾਰਸ਼ ਕਰਨਾ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਕੁਝ ਮਹੀਨੇ ਪਹਿਲਾਂ ਜਿਸ ਸਰਕਾਰ ਨੇ ਕਾਨੂੰਨ-ਵਿਵਸਥਾ ਦਾ ਹਵਾਲਾ ਦੇ ਕੇ ਪੈਰੋਲ ਦਾ ਵਿਰੋਧ ਕੀਤਾ ਸੀ, ਉਹੀ ਸਰਕਾਰ ਚੋਣਾਂ ਨੇੜੇ ਆਉਂਦਿਆਂ ਆਪਣਾ ਰੁਖ ਕਿਉਂ ਬਦਲ ਰਹੀ ਹੈ? ਜੇ ਅੱਜ ਦਾ ਰੁਖ ਸਹੀ ਹੈ, ਤਾਂ ਪਹਿਲਾਂ ਵਾਲਾ ਵਿਰੋਧ ਕਿਸ ਆਧਾਰ 'ਤੇ ਸੀ?

ਤੱਥ ਵੀ ਮਹੱਤਵਪੂਰਨ ਹਨ। ਜਗਤਾਰ ਸਿੰਘ ਹਵਾਰਾ ਦਾ ਪੈਰੋਲ ਮਾਮਲਾ 11 ਜੂਨ 2025 ਨੂੰ ਹਾਈ ਕੋਰਟ ਦੇ ਨਿਰਦੇਸ਼ਾਂ ਮਗਰੋਂ ਰਸਮੀ ਪ੍ਰਕਿਰਿਆ ਵਿੱਚ ਆਇਆ। ਦਿੱਲੀ ਵਿੱਚ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਭਾਜਪਾ ਸਰਕਾਰ ਬਣਨ ਤੋਂ ਬਾਅਦ ਡਾਇਰੈਕਟਰ ਜਨਰਲ (ਪ੍ਰਿਜ਼ਨਜ਼), ਦਿੱਲੀ ਨੇ 21 ਅਕਤੂਬਰ 2025 ਨੂੰ ਪੰਜਾਬ ਸਰਕਾਰ ਤੋਂ ਰਿਪੋਰਟ ਮੰਗੀ। ਪੰਜਾਬ ਸਰਕਾਰ ਨੇ 19 ਫ਼ਰਵਰੀ 2026 ਨੂੰ ਹਵਾਰਾ ਵਿਰੁੱਧ 25 ਅਪਰਾਧਿਕ ਮਾਮਲਿਆਂ ਦਾ ਹਵਾਲਾ ਦੇ ਕੇ ਪੈਰੋਲ ਦਾ ਵਿਰੋਧ ਕੀਤਾ। ਕੁਝ ਹੀ ਮਹੀਨਿਆਂ ਵਿੱਚ ਉਸੇ ਮਾਮਲੇ 'ਤੇ ਰੁਖ ਬਦਲਣਾ ਸੁਭਾਵਿਕ ਤੌਰ 'ਤੇ ਸਿਆਸੀ ਦੋਹਰੇ ਮਾਪਦੰਡਾਂ ਬਾਰੇ ਸਵਾਲ ਖੜ੍ਹੇ ਕਰਦਾ ਹੈ।

ਇਸ ਤੋਂ ਬਾਅਦ 11 ਜੁਲਾਈ 2026 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੰਡੋਲੀ ਜੇਲ੍ਹ ਪ੍ਰਸ਼ਾਸਨ ਨੂੰ ਕਾਨੂੰਨ ਅਨੁਸਾਰ ਪੈਰੋਲ ਅਰਜ਼ੀ 'ਤੇ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ। ਇਹ ਵੀ ਸਪੱਸ਼ਟ ਹੈ ਕਿ ਪੈਰੋਲ ਦੇਣ ਦਾ ਅੰਤਿਮ ਫ਼ੈਸਲਾ ਅਦਾਲਤ ਨਹੀਂ, ਸਗੋਂ ਲਾਗੂ ਜੇਲ੍ਹ ਨਿਯਮਾਂ ਅਨੁਸਾਰ ਸਮਰੱਥ ਜੇਲ੍ਹ ਅਥਾਰਿਟੀ ਕਰਦੀ ਹੈ।

ਅੰਤ ਵਿੱਚ, ਜਗਤਾਰ ਸਿੰਘ ਹਵਾਰਾ ਦੀ ਪੈਰੋਲ ਕੇਵਲ ਇੱਕ ਤਕਨੀਕੀ ਕਾਨੂੰਨੀ ਸਵਾਲ ਨਹੀਂ, ਸਗੋਂ ਇੱਕ ਮਾਨਵੀ ਵਿਸ਼ਾ ਵੀ ਹੈ। ਜੇ ਕਾਨੂੰਨ ਇਸ ਦੀ ਆਗਿਆ ਦਿੰਦਾ ਹੈ ਅਤੇ ਸਾਰੇ ਸੁਰੱਖਿਆ ਮਾਪਦੰਡ ਪੂਰੇ ਹੁੰਦੇ ਹਨ, ਤਾਂ ਇੱਕ ਬਜ਼ੁਰਗ ਮਾਂ ਦੀ ਆਪਣੇ ਪੁੱਤਰ ਨੂੰ ਮਿਲਣ ਦੀ ਇੱਛਾ 'ਤੇ ਸੰਵੇਦਨਸ਼ੀਲਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਮਾਨਵੀ ਕਰੁਣਾ ਅਤੇ ਸੰਵਿਧਾਨਕ ਕਾਨੂੰਨੀ ਵਰਤਾਰਾ ਇਕੱਠੇ ਚੱਲ ਸਕਦੇ ਹਨ, ਪਰ ਸਿਆਸੀ ਮੌਕਾਪ੍ਰਸਤੀ ਨੂੰ ਇਨ੍ਹਾਂ ਦੋਹਾਂ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ।

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
**ਕਾਗਜ਼ ਤੇ ਘਾਣ ਦਾ ਇਨਵੌਇਸ!**



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਂਕੂਮੈਂਟ ਇਕੱਤਰ ਰੱਖੋ.

INVOICE $
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# ਬ੍ਰਿਟਿਸ਼ ਕੋਲੰਬੀਆ 'ਚ ਛੋਟੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਵੇਲੇ ਵਾਪਰਿਆ ਹਾਦਸਾ

ਬ੍ਰਿਟਿਸ਼ ਕੋਲੰਬੀਆ
ਸਾਂਝੀ ਸੋਚ ਬਿਊਰੋ

ਬ੍ਰਿਟਿਸ਼ ਕੋਲੰਬੀਆ ਦੇ ਪ੍ਰਿੰਸ ਜਾਰਜ ਸ਼ਹਿਰ ਵਿੱਚ ਵੀਰਵਾਰ ਦੁਪਹਿਰ ਨੂੰ ਇੱਕ ਛੋਟੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਉਸ ਵੇਲੇ ਹਾਦਸੇ ਵਿਚ ਬਦਲ ਗਈ, ਜਦੋਂ ਜਹਾਜ਼ ਫੁਟਹਿਲਜ਼ ਬੁਲੇਵਾਰਡ 'ਤੇ ਚੱਲ ਰਹੇ ਵਾਹਨਾਂ ਨਾਲ ਟਕਰਾ ਗਿਆ। ਇਸ ਹਾਦਸੇ ਵਿਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਕਈ ਹੋਰ ਲੋਕ ਜ਼ਖ਼ਮੀ ਹੋ ਗਏ ਹਨ।ਘਟਨਾ ਦੁਪਹਿਰ ਕਰੀਬ 2:20 ਵਜੇ ਵਾਪਰੀ। ਟਰਾਂਸਪੋਰਟੇਸ਼ਨ ਸੇਫ਼ਟੀ ਬੋਰਡ ਆਫ਼ ਕੈਨੇਡਾ (ਟੀ.ਐੱਸ.ਬੀ.) ਮੁਤਾਬਕ ਹਾਦਸੇ ਵਿਚ ਬੀਚਕ੍ਰਾਫਟ 200 ਸੁਪਰ ਕਿੰਗ ਏਅਰ ਜਹਾਜ਼ ਸ਼ਾਮਲ ਸੀ। ਜਹਾਜ਼ ਐਮਰਜੈਂਸੀ ਹਾਲਾਤ ਵਿਚ ਸੜਕ 'ਤੇ ਉੱਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਲੈਂਡਿੰਗ ਦੌਰਾਨ ਇਹ ਦੋ ਵਾਹਨਾਂ ਨਾਲ ਟਕਰਾ ਗਿਆ। ਇਸ ਦੌਰਾਨ ਇੱਕ ਵਾਹਨ ਵਿਚ ਸਵਾਰ ਵਿਅਕਤੀ ਦੀ ਮੌਤ ਹੋ ਗਈ।

ਹਾਦਸੇ ਤੋਂ ਬਾਅਦ ਇਲਾਕੇ ਵਿਚ ਤੁਰੰਤ ਐਮਰਜੈਂਸੀ ਸੇਵਾਵਾਂ ਪਹੁੰਚੀਆਂ। ਬੀ.ਸੀ. ਐਮਰਜੈਂਸੀ ਹੈਲਥ ਸਰਵਿਸਿਜ਼ ਦੇ ਕਰਮਚਾਰੀਆਂ ਨੇ ਮੌਕੇ 'ਤੇ ਲਗਪਗ 10 ਲੋਕਾਂ ਦੀ ਜਾਂਚ ਕੀਤੀ ਅਤੇ ਜ਼ਖ਼ਮੀਆਂ ਨੂੰ



ਹਸਪਤਾਲ ਪਹੁੰਚਾਇਆ। ਪੁਲਿਸ ਨੇ ਜਾਂਚ ਦੌਰਾਨ ਫੁਟਹਿਲਜ਼ ਬੁਲੇਵਾਰਡ ਨੂੰ ਦੋਹਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਅਤੇ ਲੋਕਾਂ ਨੂੰ ਹਾਦਸੇ ਵਾਲੇ ਖੇਤਰ ਤੋਂ ਦੂਰ ਰਹਿਣ ਦੀ ਅਪੀਲ ਕੀਤੀ।ਘਟਨਾ ਦੇ ਚਸ਼ਮਦੀਦ ਮੋਹਿਤ ਅਰੋੜਾ, ਜਿਨ੍ਹਾਂ ਦੀ ਗੱਡੀ ਜਹਾਜ਼ ਤੋਂ ਕੁਝ ਹੀ ਫੁੱਟ ਦੀ ਦੂਰੀ 'ਤੇ ਰੁਕੀ, ਨੇ ਦੱਸਿਆ ਕਿ ਸਭ ਕੁਝ ਇੰਨੀ ਤੇਜ਼ੀ ਨਾਲ ਵਾਪਰਿਆ ਕਿ ਕਿਸੇ ਨੂੰ ਸੰਭਲਣ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਮੁਤਾਬਕ ਜਹਾਜ਼ ਦਾ ਖੱਬਾ ਖੰਭ ਇੱਕ ਪਿਕ-ਅੱਪ ਟਰੱਕ ਨਾਲ ਟਕਰਾਇਆ। ਟੱਕਰ ਤੋਂ ਬਾਅਦ ਜਹਾਜ਼ ਦਾ ਪ੍ਰੋਪੈਲਰ ਟੁੱਟ ਕੇ ਸੜਕ ਦੇ ਵਿਚਕਾਰ ਜਾ ਡਿੱਗਿਆ ਅਤੇ ਟਰੱਕ ਦੀ ਵਿੰਡਸ਼ੀਲਡ ਚਕਨਾਚੂਰ ਹੋ ਗਈ।ਹਾਦਸੇ ਦਾ ਕਾਰਨ ਹਾਲੇ ਸਪੱਸ਼ਟ ਨਹੀਂ ਹੋਇਆ। ਇਹ ਵੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਕਿ ਜਹਾਜ਼ ਨੂੰ ਐਮਰਜੈਂਸੀ ਲੈਂਡਿੰਗ ਲਈ ਕਿਸ ਤਕਨੀਕੀ ਸਮੱਸਿਆ ਕਾਰਨ ਮਜਬੂਰ ਹੋਣਾ ਪਿਆ।ਟੀ.ਐੱਸ.ਬੀ. ਨੇ ਜਾਂਚ ਲਈ ਆਪਣੀ ਟੀਮ ਪ੍ਰਿੰਸ ਜਾਰਜ ਭੇਜ ਦਿੱਤੀ ਹੈ। ਜਾਂਚਕਰਤਾ ਜਹਾਜ਼ ਦੀ ਤਕਨੀਕੀ ਹਾਲਤ, ਉਡਾਣ ਦੇ ਵੇਰਵਿਆਂ, ਮੌਸਮ ਅਤੇ ਪਾਇਲਟ ਵੱਲੋਂ ਕੀਤੀ ਐਮਰਜੈਂਸੀ ਲੈਂਡਿੰਗ ਸਮੇਤ ਕਈ ਪਹਿਲੂਆਂ ਦੀ ਜਾਂਚ ਕਰਨਗੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਦਸੇ ਦਾ ਅੰਤਿਮ ਕਾਰਨ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ।

# ਓਨਟਾਰੀਓ 'ਚ ਸ਼ਰਾਬ ਦੇ ਨਸ਼ੇ 'ਚ ਡੰਪ ਟਰੱਕ ਚਲਾਉਂਦਾ ਪੰਜਾਬੀ ਡਰਾਈਵਰ ਗ੍ਰਿਫ਼ਤਾਰ

ਓਨਟਾਰੀਓ
ਸਾਂਝੀ ਸੋਚ ਬਿਊਰੋ

ਕੈਨੇਡਾ ਦੇ ਓਨਟਾਰੀਓ ਸੂਬੇ ਵਿਚੋਂ ਪੰਜਾਬੀ ਭਾਈਚਾਰੇ ਨਾਲ ਜੁੜੀ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਕੈਲੇਡਨ ਇਲਾਕੇ ਵਿਚ ਪੁਲਿਸ ਨੇ ਸ਼ਰਾਬ ਦੇ ਨਸ਼ੇ ਵਿਚ ਟਰੱਕ ਚਲਾਉਣ ਦੇ ਦੋਸ਼ ਹੇਠ ਬਰੈਂਪਟਨ ਦੇ ਰਹਿਣ ਵਾਲੇ 33 ਸਾਲਾ ਚਮਕੌਰ ਸੰਧੂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਘਟਨਾ ਨੇ ਇੱਕ ਵਾਰ ਫਿਰ ਸੜਕੀ ਸੁਰੱਖਿਆ ਅਤੇ ਨਸ਼ੇ ਵਿਚ ਗੱਡੀ ਚਲਾਉਣ ਦੇ ਗੰਭੀਰ ਮੁੱਦੇ ਨੂੰ ਉਭਾਰਿਆ ਹੈ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓ.ਪੀ.ਪੀ.) ਦੇ ਅਧਿਕਾਰੀਆਂ ਅਨੁਸਾਰ, ਇਹ ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਪੁਲਿਸ ਗਸ਼ਤ ਦੌਰਾਨ ਮਾਊਂਟੇਨਵਿਊ ਰੋਡ ਅਤੇ ਐਸਕਾਰਪਮੈਂਟ ਸਾਈਡ ਰੋਡ ਦੇ ਖੇਤਰ ਵਿਚ ਸੀ। ਉੱਥੇ ਇੱਕ ਡੰਪ ਟਰੱਕ ਨੂੰ ਉਸ ਸੜਕ 'ਤੇ ਜਾਂਦਿਆਂ ਵੇਖਿਆ ਗਿਆ, ਜਿੱਥੇ ਭਾਰੀ ਵਾਹਨਾਂ ਦੇ ਜਾਣ 'ਤੇ ਸਖ਼ਤ ਮਨਾਹੀ ਹੈ।ਸ਼ੱਕ ਪੈਣ 'ਤੇ ਪੁਲਿਸ ਨੇ ਤੁਰੰਤ ਟਰੱਕ ਨੂੰ



ਰੋਕ ਲਿਆ।

ਪੁੱਛਗਿੱਛ ਦੌਰਾਨ ਅਧਿਕਾਰੀਆਂ ਨੇ ਪਾਇਆ ਕਿ ਡਰਾਈਵਰ ਚਮਕੌਰ ਸੰਧੂ ਨੇ ਭਾਰੀ ਮਾਤਰਾ ਵਿਚ ਸ਼ਰਾਬ ਪੀਤੀ ਹੋਈ ਸੀ ਅਤੇ ਉਹ ਵਾਹਨ ਨੂੰ ਸੁਰੱਖਿਅਤ ਢੰਗ ਨਾਲ ਕੰਟਰੋਲ ਕਰਨ ਦੇ ਸਮਰੱਥ ਨਹੀਂ ਸੀ।ਪੁਲਿਸ ਨੇ ਡਰਾਈਵਰ ਵਿਰੁੱਧ ਨਸ਼ੇ ਦੀ ਹਾਲਤ ਵਿਚ ਟਰੱਕ ਚਲਾਉਣ, ਨਸ਼ੇ ਦੀ ਮੌਜੂਦਗੀ ਅਤੇ ਪਾਬੰਦੀਸ਼ੁਦਾ ਰਸਤੇ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਭਾਰੀ ਵਾਹਨ ਲਿਜਾਣ ਦੇ ਦੋਸ਼ ਲਾਏ ਹਨ। ਪ੍ਰਸ਼ਾਸਨਿਕ ਕਾਰਵਾਈ ਕਰਦਿਆਂ ਪੁਲਿਸ ਨੇ ਟਰੱਕ ਨੂੰ 7 ਦਿਨਾਂ ਲਈ ਜ਼ਬਤ ਕਰ ਲਿਆ ਹੈ ਅਤੇ ਦੋਸ਼ੀ ਦਾ ਡਰਾਈਵਿੰਗ ਲਾਇਸੰਸ 90 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ।

ਚਮਕੌਰ ਸੰਧੂ ਨੂੰ ਇਸ ਮਾਮਲੇ ਸਬੰਧੀ ਅਗਲੇ ਮਹੀਨੇ ਅਦਾਲਤ ਵਿਚ ਪੇਸ਼ ਹੋਣਾ ਪਵੇਗਾ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਕਮਰਸ਼ੀਅਲ (ਟਰੱਕ ਜਾਂ ਬੱਸ) ਡਰਾਈਵਰਾਂ ਲਈ ਕਾਨੂੰਨ ਬਹੁਤ ਸਖ਼ਤ ਹਨ ਅਤੇ ਖ਼ੂਨ ਵਿਚ ਅਲਕੋਹਲ ਦੀ ਮਾਤਰਾ ਸਬੰਧੀ ਇੱਥੇ 'ਜ਼ੀਰੋ-ਟਾਲਰੈਂਸ' ਨੀਤੀ ਲਾਗੂ ਹੈ।

# ਨਸ਼ਾ ਤਸਕਰੀ 'ਤੇ ਸਖ਼ਤ ਕਾਰਵਾਈ, ਡਾ. ਬਲਬੀਰ ਸਿੰਘ ਨੇ ਖੁਦ ਕਰਵਾਇਆ ਕਥਿਤ ਤਸਕਰ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸ਼ਾਮ ਆਪਣੇ ਹਲਕੇ ਪਟਿਆਲਾ ਦਿਹਾਤੀ ਦੇ ਪਿੰਡ ਕਸਿਆਣਾ ਵਿਖੇ ਪਿੰਡ ਵਾਸੀਆਂ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਖੁਦ ਮੌਕੇ 'ਤੇ ਪਹੁੰਚ ਕੇ ਇੱਕ ਕਥਿਤ ਨਸ਼ਾ ਤਸਕਰ ਨੂੰ ਨਸ਼ਾ ਸਪਲਾਈ ਕਰਦਿਆਂ ਕਾਬੂ ਕਰਵਾਇਆ। ਇਸ ਤੋਂ ਬਾਅਦ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ।ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਵਿੱਚ ਇੱਕ ਵਿਅਕਤੀ ਵੱਲੋਂ ਨਸ਼ੇ ਦੀ ਸਪਲਾਈ ਕੀਤੀ ਜਾ ਰਹੀ ਹੈ। ਸੂਚਨਾ ਮਿਲਦੇ ਹੀ ਉਨ੍ਹਾਂ ਨੇ ਆਪਣੇ ਸੁਰੱਖਿਆ ਕਰਮਚਾਰੀਆਂ ਨੂੰ ਤੁਰੰਤ ਪਿੰਡ ਭੇਜਿਆ ਅਤੇ ਖੁਦ ਵੀ ਮੌਕੇ 'ਤੇ ਪਹੁੰਚੇ।ਸਿਹਤ ਮੰਤਰੀ ਨੇ ਪੁਲਿਸ ਨੂੰ ਹਦਾਇਤ ਕੀਤੀ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨਾਲ ਨਰਮੀ ਨਾ ਵਰਤੀ ਜਾਵੇ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ।ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ



'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਨਸ਼ੇ ਦੀ ਲਤ ਦਾ ਸ਼ਿਕਾਰ ਲੋਕਾਂ ਨੂੰ ਇਲਾਜ ਅਤੇ ਮੁੜ ਵਸੇਬੇ ਦੇ ਮੌਕੇ ਵੀ ਦਿੱਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ਾ ਕਰਨ ਵਾਲਾ ਵਿਅਕਤੀ ਸੱਚਾਈ ਸਾਹਮਣੇ ਲਿਆਉਣ ਅਤੇ ਨਸ਼ਾ ਛੱਡਣ ਲਈ ਤਿਆਰ ਹੈ ਤਾਂ ਸਰਕਾਰ ਉਸ ਦਾ ਇਲਾਜ ਕਰਵਾਉਣ, ਹੁਨਰਮੰਦ ਬਣਾਉਣ ਅਤੇ ਰੋਜ਼ਗਾਰ ਨਾਲ ਜੋੜਨ ਲਈ ਹਰ ਸੰਭਵ ਸਹਾਇਤਾ ਕਰੇਗੀ।ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਸਪੱਸ਼ਟ ਸੁਨੇਹਾ ਹੈ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਦੂਜੇ ਪਾਸੇ ਨਸ਼ੇ ਦੀ ਲਤ ਤੋਂ ਪੀੜਤ ਵਿਅਕਤੀਆਂ ਨੂੰ ਇਲਾਜ, ਕਾਊਂਸਲਿੰਗ ਅਤੇ ਮੁੜ ਵਸੇਬੇ ਰਾਹੀਂ ਮੁੱਖ ਧਾਰਾ ਵਿੱਚ ਲਿਆਉਣ ਲਈ ਯਤਨ ਜਾਰੀ ਰਹਿਣਗੇ।ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰੀ ਜਾਂ ਨਸ਼ਿਆਂ ਦੀ ਸਪਲਾਈ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਤੁਰੰਤ ਪੁਲਿਸ ਨਾਲ ਸਾਂਝੀ ਕੀਤੀ ਜਾਵੇ। ਉਨ੍ਹਾਂ ਪਿੰਡ ਵਾਸੀਆਂ ਵੱਲੋਂ ਦਿੱਤੀ ਜਾਣਕਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਮੁਹਿੰਮ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਇਸ ਮੌਕੇ ਡੀਐਸਪੀ ਜੰਗਜੀਤ ਸਿੰਘ ਰੰਧਾਵਾ ਵੀ ਮੌਜੂਦ ਸਨ।

Space available for Ad
Contact # +1 (209) 303-1260
Contact # +91 81463-20009




## ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

# 8ਵਾਂ ਸਾਲਾਨਾ 'ਰਾਗ ਕੀਰਤਨ ਦਰਬਾਰ'

**ਦਾ ਵਿਸ਼ਾਲ ਅਤੇ ਰੂਹਾਨੀ ਸਮਾਗਮ ਕਰਵਾਇਆ ਜਾ ਰਿਹਾ ਹੈ।**

## ਆਓ, ਇਸ ਸਮਾਗਮ ਵਿਚ ਗੁਰਬਾਣੀ ਨੂੰ

**ਉਸੇ ਰੂਹਾਨੀ ਅੰਦਾਜ਼ ਵਿੱਚ ਸੁਣੀਏ ਅਤੇ ਗਾਈਏ, ਜਿਸ ਤਰ੍ਹਾਂ ਇਹ ਗਾਈ ਅਤੇ ਸੁਣੀ ਜਾਣੀ ਚਾਹੀਦੀ ਹੈ।**

**11 ਤੋਂ 13 ਸਤੰਬਰ 2026, ਸ਼ੁੱਕਰਵਾਰ ਤੋਂ ਐਤਵਾਰ ਤੱਕ ਆਯੋਜਿਤ ਕੀਤਾ ਜਾਵੇਗਾ।**

### ਇਸ ਸਮਾਗਮ ਵਿੱਚ



ਭਾਈ ਨਿਰਮਲ ਸਿੰਘ ਨਾਗਪੁਰੀ | ਡਾ. ਮਨਪ੍ਰੀਤ ਸਿੰਘ | ਡਾ. ਗੁਰਨਾਮ ਸਿੰਘ | ਭਾਈ ਕਰਣਜੀਤ ਸਿੰਘ ਸ਼ਾਂਤ | ਬੀਬੀ ਸੋਨੀ ਕੌਰ | ਬੀਬੀ ਸਿਮਰਤ ਕੌਰ | ਭਾਈ ਗੁਰਪ੍ਰੀਤ ਸਿੰਘ | ਭਾਈ ਸਿਮਰਨਜੀਤ ਸਿੰਘ ਖਾਲਸਾ | ਪ੍ਰੋ. ਦਲਬੀਰ ਸਿੰਘ ਤੇ ਵਿਦਿਆਰਥੀ

ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸਮੂਹ ਸੰਗਤਾਂ ਨੂੰ ਇਸ ਪਵਿੱਤਰ ਅਤੇ ਰਸਭਿੰਨੇ ਕੀਰਤਨ ਦਰਬਾਰ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।**

ਗੁਰਦਵਾਰਾ ਸਾਹਿਬ ਦਾ ਪਤਾ :
**3636 Gurdwara Avenue**
**San Jose, Cailforina**

ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ
**(408) 274-9373**


IAPW
INTERNATIONAL ASSOCIATION of PUNJABI WOMEN
28th Annual
One n One Only
Yuba City
Since 1999
JASMEEN AKHTAR
LIVE PERFORMANCE
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
JOT RANJIT KAUR (SINGER & HOST)
PARM TAKHAR (HOST)
$10 MANDATORY RAFFLE
ENTRY TICKET AT THE GATE
FROM 10:00AM TO 3:00PM
$20 ENTRY TICKET 3:00PM TO 5:30PM
GATES CLOSE AT 5:30PM.
FOR PARTICIPATION, BOOTH BOOKINGS N SPONSORSHIP, PLEASE CONTACT
CALL : (530) 845-4800
KEERAT TAKHAR
HARNOOR KAUR
PINNU BRAR
DR. LOVELEEN SAMRA
BAL K SINDAL
NAVI GILL
HARDEEP HUNDAL
MANINDER MAAN
SHIVPREET BIHALA
HARDEEP BINNING
SUKHY JHUTTY
JASWANT DHILLON
SUKHNANDAN K LALLY
SITAL GURAYA
MANDEEP KAUR
MADHUPREET KAUR
UMBER MAAN


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
Video Advertising
POSTERS DESIGN
We design flyers, Posters and Post Cards to promote your business
Positive Vibes
BUSINESS CARD DESIGN
WE DESIGN YOUR BUSINESS CARD
COMPANY NAME
COMPANY
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਪਿੰਡ ਜੱਬੋਵਾਲ ਵਿਖੇ 13 ਸਾਲਾ ਨੌਜਵਾਨ ਦੀ ਮੌਤ ਕਤਲ ਦਾ ਸ਼ੱਕ, ਪੁਲਿਸ ਜਾਂਚ ਲਈ ਮੌਕੇ 'ਤੇ ਪਹੁੰਚੀ

ਬਾਬਾ ਬਕਾਲਾ
ਬਲਰਾਜ ਸਿੰਘ ਰਾਜਾ



ਪਿੰਡ ਜੱਬੋਵਾਲ ਵਿਖੇ ਇੱਕ 13 ਸਾਲਾ ਨੌਜਵਾਨ ਗੁਰਸੇਵਕ ਸਿੰਘ ਪੁਤਰ ਦਿਲਬਾਗ ਸਿੰਘ ਦੀ ਮੌਤ ਦਾ ਮਾਮਲਾ ਸਾਹਮਣੇ ਆਉਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ। ਮੁੱਢਲੀ ਜਾਣਕਾਰੀ ਅਨੁਸਾਰ ਨੌਜਵਾਨ ਆਪਣੇ ਇੱਕ ਦੋਸਤ ਨਾਲ ਗਿਆ ਸੀ ਅਤੇ ਇਸ ਤੋਂ ਬਾਅਦ ਉਸ ਦੀ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ। ਪਰਿਵਾਰਕ ਪੱਖ ਵੱਲੋਂ ਨੌਜਵਾਨ ਦੀ ਮੌਤ ਨੂੰ ਕਤਲ ਦੱਸਦਿਆਂ ਗਲ ਘੁੱਟੇ ਜਾਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ।ਘਟਨਾ ਦੀ ਸੂਚਨਾ ਮਿਲਣ ਉਪਰੰਤ ਪੁਲਿਸ ਚੌਕੀ ਟਾਂਗਰਾ ਇੰਨਚਾਰਜ ਨਰਿੰਦਰਪਾਲ ਸਿੰਘ ਪੁਲੀਸ ਟੀਮ ਪਿੰਡ ਜੱਬੋਵਾਲ ਵਿਖੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਵੱਲੋਂ ਮੌਕੇ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀਆਂ ਫੁਟੇਜ ਵੀ ਖੰਗਾਲੀ ਜਾ ਰਹੀ ਹੈ, ਤਾਂ ਜੋ ਨੌਜਵਾਨ ਦੀ ਆਖਰੀ ਗਤੀਵਿਧੀ ਅਤੇ ਉਸ ਦੇ ਨਾਲ ਮੌਜੂਦ ਵਿਅਕਤੀਆਂ ਸਬੰਧੀ ਜਾਣਕਾਰੀ ਮਿਲ ਸਕੇ।ਮਾਮਲੇ ਦੀ ਅਸਲ ਸੱਚਾਈ ਪੁਲਿਸ ਜਾਂਚ ਅਤੇ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਸਪੱਸ਼ਟ ਹੋਵੇਗੀ। ਪੁਲਿਸ ਵੱਲੋਂ ਮੌਤ ਦੇ ਕਾਰਨਾਂ ਅਤੇ ਘਟਨਾ ਨਾਲ ਜੁੜੇ ਹਰ ਪੱਖ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਤੋਂ ਬਾਅਦ ਪਰਿਵਾਰ ਵਿੱਚ ਸੋਗ ਦਾ ਮਾਹੌਲ ਹੈ।

# ਅਲਾਸਕਾ 'ਚ ਚਾਰਟਰ ਪਲੇਨ ਹਾਦਸਾਗ੍ਰਸਤ 2 ਪਾਇਲਟਾਂ ਸਮੇਤ ਜਹਾਜ਼ ਸਵਾਰ ਸਾਰੇ ਯਾਤਰੀਆਂ ਦੀ ਮੌਤ

ਅਲਾਸਕਾ
ਸਾਂਝੀ ਸੋਚ ਬਿਊਰੋ



ਅਲਾਸਕਾ ਵਿੱਚ ਇੱਕ ਚਾਰਟਰ ਏਅਰਕ੍ਰਾਫਟ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ ਸਾਰੇ ਅੱਠ ਲੋਕਾਂ ਦੀ ਮੌਤ ਹੋ ਗਈ। ਅਮਰੀਕੀ ਫੌਜੀ ਅਧਿਕਾਰੀਆਂ ਅਤੇ ਸੰਘੀ ਹਵਾਬਾਜ਼ੀ ਏਜੰਸੀਆਂ ਨੇ ਇਸ ਦੁਖਦਾਈ ਘਟਨਾ ਦੀ ਪੁਸ਼ਟੀ ਕੀਤੀ ਹੈ।ਯੂ.ਐੱਸ. ਮਿਲਟਰੀ ਨੇ ਕਿਹਾ ਕਿ ਅੱਠ ਲੋਕਾਂ ਨੂੰ ਲੈ ਕੇ ਜਾ ਰਿਹਾ ਇੱਕ ਚਾਰਟਰ ਏਅਰਕ੍ਰਾਫਟ ਪੱਛਮੀ ਅਲਾਸਕਾ ਵਿੱਚ ਇੱਕ ਦੂਰ-ਦੁਰਾਡੇ ਰਡਾਰ ਸਾਈਟ 'ਤੇ ਕ੍ਰੈਸ਼ ਹੋ ਗਿਆ, ਜਿਸ ਨਾਲ ਉਸ ਵਿੱਚ ਸਵਾਰ ਸਾਰੇ ਲੋਕਾਂ ਦੀ ਮੌਤ ਹੋ ਗਈ। ਇਹ ਕ੍ਰੈਸ਼ ਵੀਰਵਾਰ ਨੂੰ ਅਲਾਸਕਾ ਦੇ ਐਂਕਰੇਜ ਤੋਂ ਲਗਭਗ 450 ਮੀਲ ਪੱਛਮ ਵਿੱਚ ਕੇਪ ਨਿਊਏਨਹੈਮ ਲੌਂਗ ਰੇਂਜ ਰਡਾਰ ਸਾਈਟ ਏਅਰਪੋਰਟ 'ਤੇ ਹੋਇਆ।ਅਲਾਸਕਾ ਰੈਸਕਿਊ ਕੋਆਰਡੀਨੇਸ਼ਨ ਸੈਂਟਰ ਨੇ ਕਿਹਾ ਕਿ ਕੇਪ ਨਿਊਏਨਹੈਮ ਲੌਂਗ ਰੇਂਜ ਰਡਾਰ ਸਾਈਟ ਦੇ ਨੇੜੇ ਇੱਕ "ਏਅਰਕ੍ਰਾਫਟ ਘਟਨਾ" ਦੀ ਰਿਪੋਰਟ ਮਿਲਣ ਤੋਂ ਬਾਅਦ ਇੱਕ ਖੋਜ ਅਤੇ ਬਚਾਅ ਅਭਿਆਨ ਸ਼ੁਰੂ ਕੀਤਾ ਗਿਆ । ਅਮਰੀਕੀ ਏਅਰ ਫੋਰਸ ਦੇ ਲੈਫਟੀਨੈਂਟ ਜਨਰਲ ਰੌਬਰਟ ਡੇਵਿਸ ਨੇ ਕਿਹਾ, "ਇਹ ਸਾਡੇ ਮਿਲਟਰੀ ਪਰਿਵਾਰ ਅਤੇ ਜਿਨ੍ਹਾਂ ਭਾਈਚਾਰਿਆਂ ਦੀ ਅਸੀਂ ਸੇਵਾ ਕਰਦੇ ਹਾਂ, ਉਨ੍ਹਾਂ ਲਈ ਬਹੁਤ ਵੱਡਾ ਘਾਟਾ ਹੈ।" ਉਹ ਅਲਾਸਕਾ ਕਮਾਂਡ, ਅਲਾਸਕਾ ਨੌਰਥ ਅਮੈਰੀਕਨ ਏਅਰੋਸਪੇਸ ਡਿਫੈਂਸ ਕਮਾਂਡ ਰੀਜਨ ਅਤੇ ਇਲੈਵਨਥ ਏਅਰ ਫੋਰਸ ਦੇ ਕਮਾਂਡਰ ਹਨ।ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਅਲਾਸਕਾ ਰੀਜਨ ਮੁਖੀ ਕਲਿੰਟ ਜੌਹਨਸਨ ਨੇ ਕਿਹਾ ਕਿ ਜਹਾਜ਼ ਵਿੱਚ ਦੋ ਪਾਇਲਟ ਅਤੇ ਛੇ ਯਾਤਰੀ ਸਵਾਰ ਸਨ। ਉਨ੍ਹਾਂ ਦੱਸਿਆ ਕਿ ਜਹਾਜ਼ ਨੇ ਐਂਕਰੇਜ ਤੋਂ ਉਡਾਣ ਭਰੀ ਸੀ ਅਤੇ ਮੰਨਿਆ ਜਾ ਰਿਹਾ ਹੈ ਕਿ ਵੀਰਵਾਰ ਦੁਪਹਿਰ ਕੇਪ ਨਿਊਏਨਹੈਮ ਦੇ ਨੇੜੇ ਕ੍ਰੈਸ਼ ਹੋ ਗਿਆ। ਇਹ ਜਹਾਜ਼ 'ਸਿਕਿਓਰਿਟੀ ਏਵੀਏਸ਼ਨ' ਦੁਆਰਾ ਸੰਚਾਲਿਤ ਇੱਕ ਨਾਗਰਿਕ-ਇਕਰਾਰਨਾਮੇ ਵਾਲੀ ਚਾਰਟਰ ਉਡਾਣ ਸੀ।

# ਜਰਮਨ ਗਏ ਪੰਜਾਬੀ ਨੌਜਵਾਨ ਦੀ ਭੇਤਭਰੇ ਹਾਲਾਤਾਂ ਵਿੱਚ ਮੌਤ

ਫਰੈਂਕਫਰਟ
ਸਾਂਝੀ ਸੋਚ ਬਿਊਰੋ



ਹਲਕਾ ਅਜਨਾਲਾ ਅਧੀਨ ਪੈਂਦੇ ਪਿੰਡ ਗੱਗੋਮਾਹਲ ਦੇ ਇੱਕ ਪੰਜਾਬੀ ਨੌਜਵਾਨ ਦੀ ਜਰਮਨ ਵਿੱਚ ਭੇਤਭਰੇ ਹਾਲਾਤਾਂ ਵਿੱਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਗੁਰਸਾਹਿਬ ਸਿੰਘ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਗੁਰਸਾਹਿਬ ਸਿੰਘ ਕਰੀਬ ਤਿੰਨ ਸਾਲ ਪਹਿਲਾਂ ਪਰਿਵਾਰ ਦੇ ਬਿਹਤਰ ਭਵਿੱਖ ਦੀ ਉਮੀਦ ਨਾਲ ਜਰਮਨ ਗਿਆ ਸੀ। ਉੱਥੇ ਉਸ ਦੀ ਅਚਾਨਕ ਮੌਤ ਦੀ ਖ਼ਬਰ ਮਿਲਣ ਤੋਂ ਬਾਅਦ ਪਰਿਵਾਰ ਵਿੱਚ ਮਾਤਮ ਛਾ ਗਿਆ ਹੈ।ਮ੍ਰਿਤਕ ਦੇ ਪਿਤਾ ਗੁਰਜੀਤ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਸਵੇਰੇ ਕਰੀਬ 9 ਵਜੇ ਅਤੇ ਫਿਰ ਦੁਪਹਿਰ ਡੇਢ ਵਜੇ ਉਨ੍ਹਾਂ ਦੀ ਆਪਣੇ ਪੁੱਤਰ ਨਾਲ ਫੋਨ 'ਤੇ ਗੱਲਬਾਤ ਹੋਈ ਸੀ। ਇਸ ਤੋਂ ਬਾਅਦ ਰਾਤ ਸਮੇਂ ਗੁਰਸਾਹਿਬ ਸਿੰਘ ਦੇ ਤਾਇਆ ਪ੍ਰਗਟ ਸਿੰਘ ਨੂੰ ਉਸ ਦੀ ਮੌਤ ਦੀ ਜਾਣਕਾਰੀ ਮਿਲੀ। ਪੁੱਤਰ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ।ਘਟਨਾ ਤੋਂ ਬਾਅਦ ਪਿੰਡ ਵਾਸੀਆਂ ਅਤੇ ਰਿਸ਼ਤੇਦਾਰਾਂ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਗੁਰਸਾਹਿਬ ਸਿੰਘ ਦੀ ਮ੍ਰਿਤਕ ਦੇਹ ਜਲਦ ਤੋਂ ਜਲਦ ਪੰਜਾਬ ਸਥਿਤ ਉਸ ਦੇ ਘਰ ਪਹੁੰਚਾਈ ਜਾਵੇ। ਇਸ ਦੇ ਨਾਲ ਹੀ ਪਰਿਵਾਰ ਵੱਲੋਂ ਮੌਤ ਦੇ ਅਸਲ ਕਾਰਨਾਂ ਦੀ ਨਿਰਪੱਖ ਜਾਂਚ ਕਰਕੇ ਸੱਚਾਈ ਸਾਹਮਣੇ ਲਿਆਉਣ ਦੀ ਮੰਗ ਕੀਤੀ ਜਾ ਰਹੀ ਹੈ।

# ਫਿਰ ਗਰਮਾਈ ਪੰਜਾਬ ਦੀ ਸਿਆਸਤ! ਸੁਖਬੀਰ ਸਿੰਘ ਬਾਦਲ ਨੂੰ ਸੁਪਰੀਮ ਕੋਰਟ ਤੋਂ ਲੱਗਾ ਵੱਡਾ ਝਟਕਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ 9 ਸਾਲ ਪੁਰਾਣੇ ਮਾਨਹਾਨੀ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਾਲ 2017 ਦੇ ਇੱਕ ਅਪਰਾਧਿਕ ਮਾਨਹਾਨੀ ਮਾਮਲੇ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਇਹ ਮਾਮਲਾ ਅਖੰਡ ਕੀਰਤਨੀ ਜੱਥਾ ਨੂੰ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਜੋੜਨ ਸਬੰਧੀ ਕਥਿਤ ਟਿੱਪਣੀ ਦਾ ਹੈ।ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸ਼ੀਲ ਨਾਗੂ ਦੀ ਬੈਂਚ ਨੇ ਹਾਈ ਕੋਰਟ ਦੇ ਉਸ ਆਦੇਸ਼ ਨੂੰ ਬਰਕਰਾਰ ਰੱਖਿਆ, ਜਿਸ ਵਿੱਚ ਟ੍ਰਾਇਲ ਕੋਰਟ 'ਚ ਜਾਰੀ ਅਪਰਾਧਿਕ ਮਾਨਹਾਨੀ ਦੀ ਕਾਰਵਾਈ ਨੂੰ ਖ਼ਾਰਜ ਕਰਨ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਸੀ।ਅਦਾਲਤ ਦੇ ਇਸ ਸਖ਼ਤ ਰੁਖ਼ ਤੋਂ ਬਾਅਦ ਹੁਣ ਚੰਡੀਗੜ੍ਹ ਦੀ ਹੇਠਲੀ ਅਦਾਲਤ ਵਿੱਚ ਸੁਖਬੀਰ ਬਾਦਲ ਖ਼ਿਲਾਫ਼ ਅਪਰਾਧਿਕ ਮਾਨਹਾਨੀ ਦਾ ਮੁਕੱਦਮਾ (ਟ੍ਰਾਇਲ) ਜਾਰੀ ਰਹੇਗਾ। ਸਿਆਸੀ ਤੌਰ 'ਤੇ ਸੰਵੇਦਨਸ਼ੀਲ ਇਸ ਮਾਮਲੇ 'ਚ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਪੰਜਾਬ ਦੀ ਸਿਆਸਤ ਇੱਕ ਵਾਰ ਫਿਰ ਗਰਮਾ ਗਈ ਹੈ।ਦੱਸ ਦਈਏ ਕਿ ਸੁਖਬੀਰ ਬਾਦਲ ਨੇ 2017 ਵਿੱਚ ਚੋਣਾਂ ਦੌਰਾਨ ਏ.ਕੇ.ਜੇ. ਦੇ ਸਬੰਧ ਬੀ.ਕੇ.ਆਈ. ਨਾਲ ਹੋਣ ਦਾ ਦਾਅਵਾ ਕੀਤਾ ਸੀ ਅਤੇ ਰਜਿੰਦਰਪਾਲ ਨੂੰ ਸੰਸਥਾ ਦਾ ਜਨਰਲ ਸਕੱਤਰ ਦੱਸਿਆ ਸੀ। ਜਿਸ ਤੋਂ ਬਾਅਦ ਰਜਿੰਦਰਪਾਲ ਸਿੰਘ ਨੇ ਸੁਖਬੀਰ ਬਾਦਲ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਰੱਦ ਕਰਵਾਉਣ ਲਈ ਸੁਖਬੀਰ ਬਾਦਲ ਨੇ ਅਪੀਲ ਕੀਤੀ ਸੀ।




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

In Loving Memory of

# Gurnam Singh Chatha



June 30, 1948 - August 16, 2026

**FUNERAL SERVICE:**
SUNDAY, AUGUST 23RD
1PM

CALLAGHAN MORTUARY & LIVERMORE CREMATORY
3833 EAST AVE, LIVERMORE, CA 94550

**FOLLOWED BY ANTIM ARDAAS AT:**

LIVERMORE GURDWARA SAHIB
2089 GURDWARA STREET, 2089 N LIVERMORE AVE, LIVERMORE, CA 94551

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking | company/gillsontrucking | www.teamgillson.com

# ਸਾਂਝੀ ਤਾਲਮੇਲ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਸਾਹਮਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਰੋਸ ਧਰਨਾ ਦੇਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਫੂਕਿਆ

ਫਰੀਦਕੋਟ
ਸ਼ਿਵਨਾਥ

ਸਾਂਝੀ ਤਾਲਮੇਲ ਕਮੇਟੀ, ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ, ਸਾਂਝਾ ਮੁਲਾਜ਼ਮ ਮੰਚ ਦੇ ਸੱਦੇ ਤੇ ਅੱਜ ਸਥਾਨਕ ਮਿੰਨੀ ਸਕੱਤਰੇਤ ਵਿਖੇ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਰੋਸ ਧਰਨਾ ਦੇਕੇ ਅਤੇ ਪੰਜਾਬ ਸਰਕਾਰ ਖ਼ਿਲਾਫ਼ ਤਿੱਖੀ ਨਾਹਰੇਬਾਜੀ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਫੂਕਿਆ।

ਇਸ ਮੌਕੇ ਤੇ ਸੰਬੋਧਨ ਕਰਦਿਆਂ ਮੁਲਾਜ਼ਮਾਂ ਦੇ ਸੂਬਾਈ ਆਗੂ ਪ੍ਰੇਮ ਚਾਵਲਾ, ਜਤਿੰਦਰ ਕੁਮਾਰ, ਡੀ ਟੀ ਐਫ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ, ਮਨਿਸਟਰੀਅਲ ਸਟਾਫ,ਦੇ ਸਾਬਕਾ ਸੂਬਾ ਪ੍ਰਧਾਨ ਅਮਰੀਕ ਸਿੰਘ ਸੰਧੂ, ਜ਼ਿਲ੍ਹਾ ਫਰੀਦਕੋਟ ਦੇ ਆਗੂ ਰਵਿੰਦਰ ਪਾਲ ਸਿੰਘ ਘਾਲੀ, ਬਖਸ਼ੀਸ਼ ਸਿੰਘ ਜਨਰਲ ਸਕੱਤਰ, ਕੰਵਲਜੀਤ ਕੌਰ, ਪੈਨਸ਼ਨਰ ਆਗੂ ਇੰਦਰਜੀਤ ਸਿੰਘ ਖੀਵਾ ਕੁਲਵੰਤ ਸਿੰਘ ਚਾਨੀ,ਮੁਲਾਜ਼ਮ ਆਗੂ ਬਲਵੀਰ ਸਿੰਘ ਸਿਬੀਆਂ, ਬਲਕਾਰ ਸਿੰਘ ਸਹੋਤਾ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ ਯੂਨੀਅਨ, ਕਿਰਨ ਪ੍ਰਕਾਸ਼ ਮਹਿਤਾ ਸੂਬਾਈ ਆਗੂ ਕਰਮਚਾਰੀ ਦਲ, ਅਧਿਆਪਕ ਆਗੂ ਗਗਨ ਪਾਹਵਾ, ਧਰਿਮੰਦਰ ਸਿੰਘ, ਨਰਿੰਦਰ ਕੁਮਾਰ ਮਾਸਟਰ ਕੇਡਰ ਯੂਨੀਅਨ, ਹਰਪ੍ਰੀਤ ਸਿੰਘ ਸਰਾਂ ਟੈਕਨੀਕਲ ਸਰਵਿਸ ਯੂਨੀਅਨ, ਪੈਨਸ਼ਨਰ ਆਗੂ ਪ੍ਰਿੰਸੀਪਲ ਕ੍ਰਿਸ਼ਨ ਲਾਲ ,ਇੰਦਰਜੀਤ ਸਿੰਘ ਗਿੱਲ, ਕੁਲਵਿੰਦਰ ਸਿੰਘ ਮੌੜ, ਅਮਰਜੀਤ ਸਿੰਘ ਵਾਲੀਆ, ਬਲਵਿੰਦਰ ਰਾਮ ਸ਼ਰਮਾ ਬਿਜਲੀ ਬੋਰਡ, ਬਲਵਿੰਦਰ ਸਿੰਘ ਬਰਾੜ ਸਿਹਤ ਵਿਭਾਗ ਨੇ



ਅਫਸੋਸ ਪ੍ਰਗਟ ਕੀਤਾ ਕਿ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ ਮਾਨਯੋਗ ਅਦਾਲਤ ਵੱਲੋਂ ਡੀ ਏ ਦੇ ਸਬੰਧ ਵਿੱਚ ਕੀਤੇ ਗਏ ਇਤਿਹਾਸਕ ਫੈਸਲਿਆਂ ਨੂੰ ਲਾਗੂ ਕਰਨ ਲਈ ਵੀ ਤਿਆਰ ਨਹੀਂ ਹੈ।

ਇਸ ਤੋਂ ਇਲਾਵਾ ਪੁਰਾਣੀ ਪੈਨਸ਼ਨ ਬਹਾਲ ਕਰਨ, 2.59 ਦਾ ਗੁਨਾਂਕ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਅਤੇ ਸਕੀਮ ਵਰਕਰਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਤੋਂ ਲਗਭਗ ਮੁਨਕਰ ਹੋ ਗਈ ਹੈ। ਵੱਖ-ਵੱਖ ਵਿਭਾਗਾਂ ਵੱਲੋਂ ਮੁਲਾਜ਼ਮ ਵਿਰੋਧੀ ਨਿਯਮ ਬਣਾ ਕੇ ਲਾਗੂ ਕੀਤੇ ਜਾ ਰਹੇ ਹਨ।

ਆਗੂਆਂ ਨੇ ਅੱਗੇ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ 23 ਅਗਸਤ ਨੂੰ ਮੁੱਖ ਮੰਤਰੀ ਪੰਜਾਬ ਦੇ ਪਿੰਡ ਸਤੋਜ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ ਅਤੇ ਇਸ ਤੋਂ ਬਾਅਦ ਸਾਂਝੀ ਤਾਲਮੇਲ ਕਮੇਟੀ ਵੱਲੋਂ 27ਅਗਸਤ ਨੂੰ ਪੰਜਾਬ ਦੇ ਸਮੂਹ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਸਰਕਾਰ ਦਾ ਕੰਮ ਮੁਕੰਮਲ ਤੌਰ ਤੇ ਠੱਪ ਕਰਨਗੇ ਅਤੇ ਪੰਜਾਬ ਬੰਦ ਦੇ ਐਕਸ਼ਨ ਪ੍ਰੋਗਰਾਮ ਨੂੰ ਸਫ਼ਲ ਬਣਾਉਣਗੇ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਸੋਮ ਨਾਥ ਅਰੋੜਾ, ਅਧਿਆਪਕ ਆਗੂ ਕੁਲਦੀਪ ਸਿੰਘ ਘਣੀਆ, ਗੁਰਪ੍ਰੀਤ ਸਿੰਘ ਰੰਧਾਵਾ , ਬਿਸ਼ਨ ਕੁਮਾਰ ਅਰੋੜਾ, ਸੁਖਮੰਦਰ ਸਿੰਘ ਗਿੱਲ ਪ੍ਰਧਾਨ ਪੀਆਰਟੀਸੀ, ਸੂਰਤ ਸਿੰਘ ਮਾਹਲਾ, ਅਮੀ ਚੰਦ ਸੀਵਰ ਮੈਨ ਆਗੂ,ਸੁਖਮੰਦਰ ਸਿੰਘ ਸੰਧਵਾਂ, ਮਨੋਹਰ ਸਿੰਘ ਧੂੰਨਾ, ਗੁਰਿੰਦਰ ਸਿੰਘ ਮਨੀ , ਮੰਦਰ ਸਿੰਘ , ਤਾਰਾ ਸਿੰਘ , ਹਰਨੇਕ ਸਿੰਘ ਸਾਹੋਕੇ, ਵੀਰ ਸਿੰਘ ਕੰਮੇਆਣਾ , ਗੁਰਚਰਨ ਸਿੰਘ ਮਾਨ, ਰਮੇਸ਼ ਕੌਸ਼ਲ, ਰੂਪ ਸਿੰਘ, ਮੁਨੀਸ਼ ਕੁਮਾਰ ਸਿੱਖਿਆ ਵਿਭਾਗ,ਸੇਵਕ ਸਿੰਘ ਪ੍ਰਧਾਨ ਡੀ ਸੀ ਦਫਤਰ, ਗੁਰਚਰਨ ਸਿੰਘ ਪ੍ਰਧਾਨ ਜਲ ਸਪਲਾਈ ਵਿਭਾਗ , ਮਨਦੀਪ ਸਿੰਘ , ਬਲਰਾਜ ਸਿੰਘ ਸੇਖੋਂ ,ਹਰਚਰਨ ਸਿੰਘ ਸੰਧੂ ,ਮਲਕੀਤ ਸਿੰਘ ਸੰਧੂ ਪੰਜਾਬ ਸਟੇਟ ਕਰਮਚਾਰੀ ਦਲ ਤੇ ਸਰਬਜੀਤ ਸਿੰਘ ਆਗੂ ਮਨਿਸਟੀਰੀਅਲ ਸਟਾਫ ਆਦਿ ਵੱਡੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਹਾਜ਼ਰ ਸਨ।

# ਰਾਸਿਲ ਗੁਜਰਾਲ ਆਰਟ ਲੀਗੇਸੀ ਨੇ ਭਾਰਤ ਸਰਕਾਰ ਦੇ ਡਾਕ ਵਿਭਾਗ ਦੇ ਸਹਿਯੋਗ ਨਾਲ ਪਦਮ ਵਿਭੂਸ਼ਣ ਸਤੀਸ਼ ਗੁਜਰਾਲ ਦੀ ਜਨਮ ਸ਼ਤਾਬਦੀ ਮਨਾਉਣ ਲਈ ਇੱਕ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

ਰਾਸਿਲ ਗੁਜਰਾਲ ਆਰਟ ਲੀਗੇਸੀ ਨੇ ਭਾਰਤ ਸਰਕਾਰ ਦੇ ਡਾਕ ਵਿਭਾਗ ਦੇ ਸਹਿਯੋਗ ਨਾਲ, ਪਦਮ ਵਿਭੂਸ਼ਣ ਸਤੀਸ਼ ਗੁਜਰਾਲ, ਇੱਕ ਚਿੱਤਰਕਾਰ, ਮੂਰਤੀਕਾਰ, ਕੰਧ-ਚਿੱਤਰਕਾਰ, ਆਰਕੀਟੈਕਟ, ਅਤੇ ਲੇਖਕ, ਆਜ਼ਾਦੀ ਤੋਂ ਬਾਅਦ ਦੀ ਭਾਰਤੀ ਕਲਾ ਵਿੱਚ ਸਭ ਤੋਂ ਸਤਿਕਾਰਤ ਸ਼ਖਸੀਅਤਾਂ ਵਿੱਚੋਂ ਇੱਕ, ਦੀ ਜਨਮ ਸ਼ਤਾਬਦੀ ਮਨਾਉਣ ਲਈ ਇੱਕ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ। ਇਸ ਡਾਕ ਟਿਕਟ ਦਾ ਉਦਘਾਟਨ ਮਾਨਯੋਗ ਕੇਂਦਰੀ ਸੰਚਾਰ ਮੰਤਰੀ, ਸ਼੍ਰੀ ਜਯੋਤੀਰਾਦਿੱਤਿਆ ਐਮ. ਸਿੰਧੀਆ ਨੇ ਨਵੀਂ ਦਿੱਲੀ ਦੇ ਬੀਕਾਨੇਰ ਹਾਊਸ ਵਿਖੇ ਆਯੋਜਿਤ ਇੱਕ ਸਮਾਰੋਹ ਵਿੱਚ ਕੀਤਾ।ਪਰਿਵਾਰਕ ਮੈਂਬਰ, ਕਲਾ ਸੰਗ੍ਰਹਿਕਰਤਾ, ਕਲਾਕਾਰ, ਪ੍ਰਮੁੱਖ ਚਿੰਤਕ ਅਤੇ ਮੀਡੀਆ ਵਿਅਕਤੀ ਇਸ ਮੌਕੇ ਇੱਕ ਕਲਾਕਾਰ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ ਜਿਨ੍ਹਾਂ ਦੀ ਰਚਨਾਤਮਕ ਯਾਤਰਾ ਨੇ ਸੱਤ ਦਹਾਕਿਆਂ ਤੋਂ ਵੱਧ ਸਮੇਂ ਤੱਕ ਭਾਰਤ ਦੀ ਆਧੁਨਿਕ ਦ੍ਰਿਸ਼ਟੀ ਅਤੇ ਆਰਕੀਟੈਕਚਰਲ ਭਾਸ਼ਾ ਨੂੰ ਆਕਾਰ ਦਿੱਤਾ। ਨਵੀਨ ਅੰਸਲ ਅਤੇ ਰਸੀਲ ਗੁਜਰਾਲ ਅੰਸਲ ਦੁਆਰਾ ਆਯੋਜਿਤ, ਇਸ ਸਮਾਗਮ ਵਿੱਚ ਸਤੀਸ਼ ਗੁਜਰਾਲ ਦੀ ਜਨਮ ਸ਼ਤਾਬਦੀ ਦੀ ਯਾਦ ਵਿੱਚ ਬਣਾਈ ਗਈ ਦੁਰਲੱਭ, ਸੀਮਤ-ਐਡੀਸ਼ਨ ਸਤੀਸ਼ ਗੁਜਰਾਲ ਸ਼ਤਾਬਦੀ ਸਟੈਂਪ ਸੰਗ੍ਰਹਿਆਂ ਦੀ ਇੱਕ ਕਿਊਰੇਟਿਡ ਜਨਤਕ ਪ੍ਰਦਰਸ਼ਨੀ ਦੀ ਸ਼ੁਰੂਆਤ ਵੀ ਕੀਤੀ ਗਈ, ਜੋ ਕਿ 4 ਤੋਂ 9 ਅਗਸਤ ਤੱਕ ਬੀਕਾਨੇਰ ਹਾਊਸ ਵਿਖੇ ਜਨਤਾ ਲਈ ਖੁੱਲ੍ਹੀ




ਰਹੇਗੀ।ਇਸ ਸਟੈਂਪ ਲਈ ਚੁਣੀ ਗਈ ਕਲਾਕ੍ਰਿਤੀ 2010 ਦੇ ਆਸਪਾਸ ਬਣਾਏ ਗਏ ਗੁਜਰਾਲ ਦੁਆਰਾ ਬਣਾਏ ਗਏ ਇੱਕ ਦੁਰਲੱਭ ਸਵੈ-ਪੋਰਟਰੇਟ 'ਤੇ ਅਧਾਰਤ ਹੈ, ਜੋ ਕਿ ਉਨ੍ਹਾਂ ਨੇ ਆਪਣੇ ਪੂਰੇ ਕਲਾਤਮਕ ਕਰੀਅਰ ਦੌਰਾਨ ਬਣਾਏ ਗਏ ਸਿਰਫ ਚਾਰ ਸਵੈ-ਪੋਰਟਰੇਟਾਂ ਵਿੱਚੋਂ ਇੱਕ ਹੈ। ਰਸੀਲ ਗੁਜਰਾਲ ਅੰਸਲ ਦੇ ਨਿੱਜੀ ਸੰਗ੍ਰਹਿ ਵਿੱਚ ਸੁਰੱਖਿਅਤ, ਇਹ ਪੇਂਟਿੰਗ ਸਤੀਸ਼ ਅਤੇ ਕਿਰਨ ਗੁਜਰਾਲ ਦੁਆਰਾ ਨਵੀਨ ਅੰਸਲ ਅਤੇ ਰਸੀਲ ਗੁਜਰਾਲ ਅੰਸਲ ਨੂੰ ਤੋਹਫ਼ੇ ਵਜੋਂ ਦਿੱਤੀ ਗਈ ਸੀ, ਅਤੇ ਉਦੋਂ ਤੋਂ ਇੱਕ ਕੀਮਤੀ ਪਰਿਵਾਰਕ ਵਿਰਾਸਤ ਬਣੀ ਹੋਈ ਹੈ। ਕਲਾਕਾਰ ਦਾ ਚਿਹਰਾ ਇੱਕ ਪੂਰੇ ਰੰਗ ਦੀ ਰਚਨਾ ਉੱਤੇ ਇੱਕ ਸ਼ਾਨਦਾਰ ਫੋਟੋਰੀਅਲਿਸਟਿਕ ਕਾਲੇ ਅਤੇ ਚਿੱਟੇ ਸ਼ੈਲੀ ਵਿੱਚ ਕੈਦ ਕੀਤਾ ਗਿਆ ਹੈ, ਜੋ ਪੋਰਟਰੇਟ ਨੂੰ ਇੱਕ ਗੂੜ੍ਹਾ ਅਤੇ ਸਿਨੇਮੈਟਿਕ ਗੁਣਵੱਤਾ ਦਿੰਦਾ ਹੈ - ਇੱਕ ਚਿੱਤਰ ਜੋ ਰਾਸ਼ਟਰੀ ਮਾਨਤਾ ਅਤੇ ਨਿੱਜੀ ਸ਼ਰਧਾਂਜਲੀ ਦੋਵਾਂ ਲਈ ਇੱਕ ਢੁਕਵੀਂ ਸਟੈਂਪ ਵਜੋਂ ਵੱਖਰਾ ਹੈ।ਸਰਕਾਰੀ ਡਾਕ ਟਿਕਟ ਦੇ ਜਾਰੀ ਹੋਣ ਦੇ ਨਾਲ,ਰਾਸਿਲ ਗੁਜਰਾਲ ਆਰਟ ਲੀਗੇਸੀ ਨੇ ਸੀਮਤ-ਐਡੀਸ਼ਨ ਸਤੀਸ਼ ਗੁਜਰਾਲ ਸ਼ਤਾਬਦੀ ਡਾਕ ਟਿਕਟ ਸੰਗ੍ਰਹਿ ਦੀ ਇੱਕ ਲੜੀ ਦਾ ਵੀ ਉਦਘਾਟਨ ਕੀਤਾ, ਜੋ ਕਿ ਗੁਜਰਾਲ ਦੀ ਜਨਮ ਮਿਤੀ, 25 ਦਸੰਬਰ ਨੂੰ ਸ਼ਰਧਾਂਜਲੀ ਵਜੋਂ 25 ਨੰਬਰ ਦੇ ਆਲੇ-ਦੁਆਲੇ ਸੰਕਲਪਿਤ ਹੈ। ਸ਼ਤਾਬਦੀ ਐਡੀਸ਼ਨ ਵਿੱਚ ਇੱਕ ਫਰੇਮ ਵਿੱਚ 25 ਯਾਦਗਾਰੀ ਡਾਕ ਟਿਕਟਾਂ ਸ਼ਾਮਲ ਹਨ, ਜਦੋਂ ਕਿ ਨਿਸ਼ਚਿਤ ਐਡੀਸ਼ਨ, ਸ਼ਤਾਬਦੀ ਮਾਸਟਰ ਐਡੀਸ਼ਨ, ਜੋ ਉਨ੍ਹਾਂ ਦੀ ਸ਼ਤਾਬਦੀ ਜਨਮ ਵਰ੍ਹੇਗੰਢ ਨੂੰ ਸਮਰਪਿਤ ਹੈ, ਵਿੱਚ 100 ਯਾਦਗਾਰੀ ਡਾਕ ਟਿਕਟਾਂ ਹਨ। ਹਰੇਕ ਫਰੇਮ ਕੀਤਾ ਹੋਇਆ ਐਡੀਸ਼ਨ ਵੱਖ-ਵੱਖ ਰੰਗਾਂ ਦੇ ਵਿਕਲਪਾਂ ਵਿੱਚ ਉਪਲਬਧ ਹੈ ਅਤੇ ਇਸਨੂੰ ਅਰਜ਼ਾਨੀ ਅਟੇਲੀਅਰ ਪ੍ਰਾਈਵੇਟ, ਬੀਕਾਨੇਰ ਹਾਊਸ ਤੋਂ ਖਰੀਦਿਆ ਜਾ ਸਕਦਾ ਹੈ। ਇਹ ਯਾਦਗਾਰੀ ਡਾਕ ਟਿਕਟ ਦੇਸ਼ ਭਰ ਦੇ 72 ਡਾਕ ਟਿਕਟਾਂ ਬਿਊਰੋ ਰਾਹੀਂ ਵੀ ਉਪਲਬਧ ਹੋਵੇਗੀ, ਜਿਸ ਨਾਲ ਇਹ ਦੇਸ਼ ਭਰ ਦੇ ਡਾਕ ਟਿਕਟਕਾਰਾਂ ਅਤੇ ਉਤਸ਼ਾਹੀਆਂ ਲਈ ਆਸਾਨੀ ਨਾਲ ਪਹੁੰਚਯੋਗ ਹੋਵੇਗਾ।

# ਰਾਹੁਲ ਗਾਂਧੀ ਦੇ ਪ੍ਰਦਰਸ਼ਨ ਤੋਂ ਬਾਅਦ ਪੈਲੇਟ ਗੰਨ ਦੀ ਵਰਤੋਂ ਕਰਨ ਵਾਲਿਆਂ 'ਤੇ ਕੇਸ ਦਰਜ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਪੈਲੇਟ ਗੰਨ ਦੀ ਵਰਤੋਂ ਕਰਨ ਵਾਲਿਆਂ ‘ਤੇ ਕੇਸ ਦਰਜ ਕਰਨ ਦੀ ਮੰਗ ਦੇ ਮਾਮਲੇ ‘ਤੇ ਅੱਜ ਦਿੱਲੀ ਪੁਲਿਸ ਸਟੇਸ਼ਨ ਵਿਚ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ। ਪੁਲਿਸ ਨੇ ਇਸ ਮਾਮਲੇ ‘ਚ ਅਣਪਛਾਤਿਆਂ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਤੋਂ ਪਹਿਲਾਂ ਰਾਹੁਲ ਗਾਂਧੀ 21 ਅਗਸਤ ਨੂੰ ਪੈਲੇਟ ਗੰਨ ਦੇ ਹਮਲੇ ਦਾ ਸ਼ਿਕਾਰ ਹੋਏ ਨੌਜਵਾਨ ਸਾਹਿਲ ਲੋਹਚਬ ਨਾਲ ਸੰਸਦ ਮਾਰਗ ਪੁਲਿਸ ਸਟੇਸ਼ਨ ਪਹੁੰਚੇ ਸਨ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਵਿਚ ਤੁਰੰਤ ਐੱਫ.ਆਈ.ਆਰ. ਦਰਜ ਕੀਤੀ ਜਾਵੇ।

ਇਸ ਮਾਮਲੇ ‘ਤੇ ਜਦੋਂ ਪੁਲਿਸ ਨੇ ਕੇਸ ਦਰਜ ਕਰਨ ਤੋਂ ਇਨਕਾਰ ਕੀਤਾ, ਤਾਂ ਉਹ ਉੱਥੇ ਹੀ ਧਰਨੇ ‘ਤੇ ਬੈਠ ਗਏ। ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ ਵਿਦਿਆਰਥੀ ਰੋਸ ਪ੍ਰਦਰਸ਼ਨਾਂ ਦੌਰਾਨ ਪੁਲਿਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਤਾਕਤ ਦੀ ਬਹੁਤ ਜ਼ਿਆਦਾ ਵਰਤੋਂ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਇੱਕ ਉੱਚ-ਪੱਧਰੀ ਮਾਹਰ ਕਮੇਟੀ ਦਾ ਗਠਨ ਕੀਤਾ ਹੈ ਪਰ ਰਾਹੁਲ ਗਾਂਧੀ ਆਪਣੀ ਮੰਗ ‘ਤੇ ਅੜੇ ਰਹੇ, ਜਿਸ ਤੋਂ ਬਾਅਦ ਪੁਲਿਸ ਨੂੰ ਕੇਸ ਦਰਜ ਕਰਨਾ ਪਿਆ।

ਧਰਨੇ ‘ਤੇ ਬੈਠਦਿਆਂ ਹੀ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਤੇ ਪੋਸਟਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਵਿਦਿਆਰਥੀਆਂ ਅਤੇ ਇਨਸਾਫ਼ ਲਈ ਖੜ੍ਹੇ ਹਨ ਅਤੇ ਜਦੋਂ ਤੱਕ ਐੱਫ.ਆਈ.ਆਰ. ਦਰਜ ਨਹੀਂ ਹੁੰਦੀ, ਉਨ੍ਹਾਂ ਦਾ ਧਰਨਾ ਜਾਰੀ ਰਹੇਗਾ।

ਰਾਹੁਲ ਗਾਂਧੀ ਨੇ ਦੱਸਿਆ ਕਿ 20 ਜੁਲਾਈ ਨੂੰ ਜੰਤਰ-ਮੰਤਰ ਵਿਖੇ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ 19 ਸਾਲਾ ਸਾਹਿਲ ਲੋਹਚਬ ‘ਤੇ ਪੁਲਿਸ ਨੇ ਪੈਲੇਟ ਗੰਨ ਨਾਲ ਹਮਲਾ ਕੀਤਾ ਸੀ, ਜਿਸ ਕਾਰਨ ਉਸ ਦੀ ਇੱਕ ਅੱਖ ਦੀ ਰੌਸ਼ਨੀ ਪ੍ਰਭਾਵਿਤ ਹੋਈ।

ਇਸ ਤੋਂ ਪਹਿਲਾਂ ਵੀ ਰਾਹੁਲ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ‘ਤੇ ਹੋਏ ਇਸ ਹਮਲੇ ਲਈ ਜਵਾਬਦੇਹੀ ਦੀ ਮੰਗ ਕੀਤੀ ਸੀ ਅਤੇ ਪੁੱਛਿਆ ਸੀ ਕਿ ਕੀ ਨੌਜਵਾਨਾਂ ਵਿਰੁੱਧ ਘਾਤਕ ਹਥਿਆਰਾਂ ਦੀ ਵਰਤੋਂ ਦੀ ਪ੍ਰਵਾਨਗੀ ਦਿੱਤੀ ਗਈ ਸੀ।

ਉਨ੍ਹਾਂ ਦੋਸ਼ ਲਾਇਆ ਕਿ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ‘ਤੇ ਲਾਠੀਚਾਰਜ ਕੀਤਾ ਗਿਆ ਅਤੇ ਅੱਥਰੂ ਗੈਸ ਤੇ ਪੈਲਟਾਂ ਦੀ ਵਰਤੋਂ ਕੀਤੀ ਗਈ, ਜਿਸ ਨਾਲ ਕਈ ਨੌਜਵਾਨ ਜ਼ਖ਼ਮੀ ਹੋ ਗਏ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮਹਿਲਾ ਪ੍ਰਦਰਸ਼ਨਕਾਰੀਆਂ ਨਾਲ ਬਦਸਲੂਕੀ ਅਤੇ ਮਾਰਕੁੱਟ ਕੀਤੀ ਗਈ।

ਕਾਂਗਰਸ ਨੇ ਕਿਹਾ ਕਿ ਲੋਹਚਬ ਨੇ ਆਪਣੇ ਵਕੀਲਾਂ ਦੇ ਨਾਲ 14 ਅਗਸਤ ਨੂੰ ਦਿੱਲੀ ਪੁਲਿਸ ਨੂੰ ਇੱਕ ਲਿਖਤੀ ਸ਼ਿਕਾਇਤ ਦਿੱਤੀ ਸੀ, ਪਰ ਉਸ ਨੂੰ ਜਾਂਚ ਅਧਿਕਾਰੀ (ਆਈ.ਓ.) ਦਾ ਨਾਮ ਜਾਂ ਨੰਬਰ ਨਹੀਂ ਦਿੱਤਾ ਗਿਆ। ਪਾਰਟੀ ਨੇ ਦੋਸ਼ ਲਾਇਆ ਕਿ 17 ਅਗਸਤ ਨੂੰ ਈਮੇਲਾਂ ਅਤੇ ਫ਼ੋਨ ਕਾਲਾਂ ਰਾਹੀਂ ਮਾਮਲੇ ਨੂੰ ਦੁਬਾਰਾ ਅੱਗੇ ਵਧਾਇਆ ਗਿਆ, ਪਰ ਕੋਈ ਰਸੀਦ ਜਾਂ ਆਈ/ਓ ਨੰਬਰ ਨਹੀਂ ਦਿੱਤਾ ਗਿਆ।

ਪਾਰਟੀ ਨੇ ਕਿਹਾ ਕਿ ਪਿਛਲੇ ਯਤਨਾਂ ਦੇ ਬੇਅਸਰ ਰਹਿਣ ਤੋਂ ਬਾਅਦ ਰਾਹੁਲ ਗਾਂਧੀ ਸ਼ੁੱਕਰਵਾਰ ਨੂੰ ਲੋਚਬ ਅਤੇ ਉਸਦੀ ਮਾਂ ਨੂੰ ਨਾਲ ਲੈ ਕੇ ਪੁਲਿਸ ਸਟੇਸ਼ਨ ਗਏ। ਪਾਰਟੀ ਨੇ ਦਾਅਵਾ ਕੀਤਾ ਕਿ ਰਾਹੁਲ ਗਾਂਧੀ ਦੇ ਦਖ਼ਲ ਤੋਂ ਬਾਅਦ ਵੀ ਡੀ.ਸੀ.ਪੀ. ਨੇ ਕੇਸ ਅਧਿਕਾਰੀ ਜਾਂ ਜਾਂਚ ਅਧਿਕਾਰੀ ਬਾਰੇ ਕੋਈ ਵੇਰਵਾ ਨਹੀਂ ਦਿੱਤਾ।

*In Loving Memory of*

# Ajit Singh Dosanjh



October 7, 1941 - August 19, 2026

**Funeral service:**

August 29, 2026 | at 9:00-11:00am

**247 North Broadway Turlock, CA 95380**

Sri Sehej Path Bhog & Antim Ardaas at Sikh Temple

**1391 5th St, Turlock CA 95380**

Contact Ajmer Singh Dosanjh:

(209) 216-7763


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਪੰਜਾਬੀ ਲੋਕ ਗੀਤਾਂ ਦਾ ਪਰਾਗਾ, ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ, ਲੋਕ ਅਰਪਣ, ਰਾਜਿੰਦਰ ਕੌਰ ਚੋਹਕਾ ਦਾ ਸੰਗ੍ਰਹਿ ਅਤੇ ਜਗਦੀਸ਼ ਸਿੰਘ ਚੋਹਕਾ ਵੱਲੋਂ ਸੰਪਾਦਤ ਕਿਤਾਬ 'ਕੋਸੋ ਹਾਲ' ਕੈਲਗਰੀ ਵਿਖੇ ਲੋਕ ਅਰਪਣ

ਕੈਲਗਰੀ
ਸਾਂਝੀ ਸੋਚ ਬਿਊਰੋ

ਸੱਭਿਆਚਾਰਕ ਕਦਰਾਂ ਕੀਮਤਾਂ ਦੀਆਂ ਬਾਤਾਂ ਪਾਉਂਦਾ ਕਾਵਿ, ਬੋਲੀਆਂ, ਗੀਤਾਂ ਦਾ ਖਜ਼ਾਨਾ- "ਪੰਜਾਬੀ ਲੋਕ ਗੀਤਾਂ ਦਾ ਪਰਾਗਾ" ਸਾਹਿਤ ਨੂੰ ਸਿਰਜਣਾ ਤੇ ਉਸਨੂੰ ਕਿਤਾਬ ਦਾ ਰੂਪ ਦੇਣਾ,ਇੱਕ ਸਖਤ-ਸਾਧਨਾ ਹੈ। ਜਿਸ ਨੂੰ ਮਨ ਇਕਾਗਰਤਾ, ਸਾਹਿਤਕ ਕਲਾ, ਸੁਹਿਰਦ ਸੋਚ, ਅਣਮਿੱਥ ਸਮਾਂ ਤੇ ਪੂੰਜੀ ਆਦਿ ਨਾਲ ਸੰਪੂਰਨਤਾ ਦਾ ਸੂਰਤਜਾਮਾ ਮਿਲਦਾ ਹੈ। ਇਸ ਪੱਖ ਤੋਂ ਹਰ ਪੁਸਤਕ ਰਚੇਤਾ ਦੀ ਸਖਤ ਮਿਹਨਤ ਨੂੰ ਸਲਾਮ ਕਰਨੀ ਬਣਦੀ ਹੈ। ਜੋ ਇਹ ਕਾਰਜ ਕਿਰਿਆ ਲੰਬੀ ਘਾਲਣਾ ਨਾਲ ਨੇਪਰੇ ਚਾੜਦਾ ਹੈ। ਇੱਕ ਲੇਖਕ ਆਪਣੀ ਕਿਤਾਬ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਕੇ ਸਿਰਫ ਨਿਰ-ਸਵਾਰਥ ਯੋਗਦਾਨ ਹੀ ਨਹੀਂ ਪਾਉਂਦਾ ਸਗੋਂ ਆਪਣੀ ਮਾਂ ਬੋਲੀ ਪ੍ਰਤੀ ਆਪਣਾ ਅਸਲ ਬਣਦਾ ਫਰਜ਼ ਵੀ ਨਿਭਾਉਂਦਾ ਹੈ। ਜਿਸ ਨਾਲ ਭਾਸ਼ਾ ਦਾ ਪਸਾਰ-ਘੇਰਾ ਵੱਧਦਾ ਹੈ।

ਪੁਸਤਕ "ਪੰਜਾਬੀ ਲੋਕ ਗੀਤਾਂ ਦਾ ਪਰਾਗਾ" ਇਸ ਲਈ ਵੀ ਖਾਸ ਹੈ ਕਿ ਇਸਦੇ ਸੰਗ੍ਰਹਿ ਕਰਤਾ ਤੇ ਸੰਪਾਦਕ ਰਜਿੰਦਰ ਕੌਰ ਚੋਹਕਾ ਤੇ ਸਹਿ-ਸੰਪਾਦਕ ਜਗਦੀਸ਼ ਸਿੰਘ ਚੌਹਕਾ ਨੇ ਉਮਰ ਦੇ ਇਸ ਪੜਾਅ ਉੱਤੇ ਆ ਕੇ 599 ਸਫਿਆਂ ਦਾ ਇਸ ਸੰਗ੍ਰਹਿ ਦਾ ਤੋਹਫਾ ਪੰਜਾਬੀ ਪਾਠਕਾਂ ਨੂੰ ਦਿੱਤਾ ਹੈ। ਇਸ ਪੱਖ ਤੋਂ ਇਹ ਦੋਨੋਂ ਵਧਾਈ ਦੇ ਪਾਤਰ ਹਨ। ਕਿਤਾਬ ਦੇ ਦੂਸਰੇ ਹੀ ਪੰਨੇ ਉੱਤੇ ਰਜਿੰਦਰ ਕੌਰ ਚੌਹਕਾ ਦੀਆਂ ਲਿਖੀਆਂ ਕਿਤਾਬਾਂ ਦੀ ਸੂਚੀ ਕਿਤਾਬਾਂ ਦੇ ਸਿਰਲੇਖ ਸਮੇਤ ਅੰਕਿਤ ਹੈ ਤੇ ਅਗਲੇ ਪੰਨਿਆਂ ਵਿੱਚ ਸਾਹਿਤਕ ਤੇ ਜੀਵਨ ਸਫਰ ਦਾ ਵੇਰਵਾ ਵੀ ਸ਼ਾਮਿਲ ਹੈ। ਜਿਸ ਤੋਂ ਉਹਨਾਂ ਦੇ ਜੀਵਨ ਸ਼ੈਲੀ ਦਾ ਪ੍ਰਭਾਵ ਤੇ ਸਹਿਤ ਪ੍ਰੇਮ ਨਜ਼ਰ ਆਉਂਦਾ ਹੈ।


ਆਪਣੀ ਭਾਸ਼ਾ ਤੇ ਸੱਭਿਆਚਾਰ ਬਾਰੇ ਰਜਿੰਦਰ ਕੌਰ ਚੌਹਕਾ ਲਿਖਦੇ ਹਨ ਕਿ ਕਿਸੇ ਬੋਲੀ ਨੂੰ ਅਮੀਰ-ਅਨਮੋਲ ਬਣਾਉਣ ਵਿੱਚ ਉਸ ਭਾਸ਼ਾ ਦੀਆਂ ਲੋਰੀਆਂ,ਗੀਤ-ਬੋਲੀਆਂ ਤੇ ਸਾਹਿਤ ਦਾ ਵੱਡਮੁਲਾ ਯੋਗਦਾਨ ਹੁੰਦਾ ਹੈ। ਜਿਸ ਨਾਲ ਇੱਕ ਭਾਸ਼ਾ ਦੁਨੀਆ ਭਰ ਵਿੱਚ ਵਿਲੱਖਣਤਾ ਲਈ ਪਹਿਚਾਣ ਬਣਾਉਂਦੀ ਹੈ। ਸਾਡੀ ਪੰਜਾਬੀ ਭਾਸ਼ਾ ਨੂੰ ਵੀ ਗੀਤ, ਨਾਚ, ਸੰਗੀਤ,ਗੁਰੂ ਪੀਰਾਂ ਦੀਆਂ ਸਾਖੀਆਂ,ਯੋਧਿਆਂ ਦੇ ਇਤਿਹਾਸ ਕਰਕੇ, ਇੱਕ ਬਹਾਦਰ ਦਲੇਰ ਤੇ ਸੱਭਿਆਚਾਰਕ ਕੌਮ ਵਜੋਂ ਜਾਣਿਆ ਜਾਂਦਾ ਹੈ, ਮਹੱਤਵਪੂਰਨ ਗੱਲ ਇਹ ਵੀ ਹੈ ਕਿ ਸਾਡੇ ਲੋਕ ਗੀਤਾਂ ਦੇ ਸਾਜ਼ ਅਲਗੋਜੇ, ਤੂੰਬੀ,ਢੱਡ-ਸਾਰੰਗੀ, ਚਿਮਟਾ, ਢੋਲਕ ਆਦਿ, ਜਿਹਨਾਂ ਦੀ ਜ਼ੁਬਾਨ ਪੰਜਾਬੀ, ਜਾਣੀ ਕੋਈ ਆਪਦੀ ਭਾਸ਼ਾ ਨਹੀ ਪਰ ਪੰਜਾਬੀ ਗੀਤਾਂ ਬੋਲੀਆਂ ਵਿੱਚ ਸ਼ੁਮਾਰ ਹੋਣ ਕਰਕੇ,ਇਹਨਾਂ ਦੀ ਪਛਾਣ ਵੀ ਪੰਜਾਬੀ ਬੋਲੀ ਦੇ ਹਿੱਸੇ ਵਜੋਂ ਹੀ ਹੁੰਦੀ ਹੈ। ਰਜਿੰਦਰ ਕੌਰ ਚੋਹਕਾਂ ਜੀ ਨੇ ਪੰਜਾਬੀ ਜ਼ੁਬਾਨ ਦੀਆਂ ਉਪ-ਭਾਸ਼ਾਵਾਂ ਦੇ ਨਾਮ ਇਲਾਕਿਆਂ ਦਾ ਵਰਨਣ ਵਿਸਥਾਰ ਨਾਲ ਕੀਤਾ ਹੈ। ਉਹ ਲਿਖਦੇ ਹਨ ਕਿ ਲੋਕ ਗੀਤਾਂ ਦੇ ਵਿੱਚ ਸਾਂਝ ਦੀ ਮਹੱਤਤਾ ਵੀ ਬਹੁਤ ਵੱਡੀ ਹੈ। ਲੋਕ ਗੀਤ, ਲੋਕਾਂ ਦੇ ਗੀਤ ਹੁੰਦੇ ਹਨ, ਜੋ ਖੁਸ਼ੀ-ਗਮੀ, ਦਿਨ-ਤਿਉਹਾਰ, ਜਨਮ-ਮਰਨ, ਪਿਆਰ-ਵਿਛੋੜਾ ਵਿਆਹ, ਪੇਕੇ-ਸੌਹਰੇ,ਪਰਿਵਾਰਿਕ ਸਾਂਝ ਵਿੱਚੋ ਉਪਜਦੇ ਹਨ, ਫਿਰ ਹਰ ਮੌਕੇ ਨੂੰ ਸੰਗੀਤ, ਸ਼ਬਦਾਂ ਨਾਲ ਭਰ ਦਿੰਦੇ ਹਨ ਤੇ ਇਥੋਂ ਤੱਕ ਕਿ ਫੁੱਲ-ਬੂਟੇ, ਪਸ਼ੂ-ਪੰਛੀ, ਖੂਹ-ਖੇਤ, ਫਸਲਾਂ ਆਦਿ ਵੀ ਲੋਕ ਬੋਲੀਆਂ ਤੇ ਲੋਕ ਗੀਤਾਂ ਦਾ ਅਨਿਖੜਵਾਂ ਅੰਗ ਹਨ।

ਕਿਸੇ ਵੀ ਬੋਲੀ ਦਾ ਲੋਕ ਕਵਿ, ਉਥੇ ਦਾ ਸੱਭਿਆਚਾਰ ਦਰਸਾਉਂਦਾ ਹੈ ਜੋ ਲੋਕਾਂ ਦਾ ਖਾਣ-ਪੀਣ, ਪਹਿਨਣ, ਸਦਾਚਾਰ, ਹਾਰ-ਸ਼ਿੰਗਾਰ, ਸਿਆਸੀ ਦਰਸ਼ਨ ਤੇ ਇਤਿਹਾਸਿਕ ਪਿਛੋਕੜ ਵੀ ਦਰਸਾਉਂਦਾ ਹੈ। ਲੋਕ ਬੋਲੀਆਂ ਵੀ ਸਿਰਫ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਪੁਰਾਤਨ ਪੇਂਡੂ ਜੀਵਨ ਦੀਆਂ ਕਈ ਸੱਚਾਈਆਂ ਨੂੰ ਵੀ ਆਪਣੀਆਂ ਲਾਈਨਾਂ ਵਿੱਚ ਦਰਸਾਉਂਦੀਆਂ ਹਨ ਜਿਵੇਂ ਕਿ ਕਿਸਾਨ ਨੂੰ ਮਿਹਨਤ ਕਰਨ ਦਾ ਸੁਨੇਹਾ ਦਿੰਦੀ ਇਹ ਲਾਈਨ "ਡੂੰਘਾ ਵਾਹ ਲੈ ਹਲ ਵੇ, ਤੇਰੀ ਘਰੇ ਨੌਕਰੀ" ਅਤੇ ਇੱਕ ਫੌਜੀ, ਜੋ ਰੁਜ਼ਗਾਰ ਤੇ ਦੇਸ਼ ਸੇਵਾ ਲਈ ਪੱਕੀ ਸਰਕਾਰੀ ਨੌਕਰੀ ਉੱਤੇ ਹੈ ਤੇ ਉਸਦੀ ਸਥਾਪਿਤ ਆਰਥਿਕ ਅਵਸਥਾ ਦੀ ਗੱਲ ਬੋਲੀ ਵਿੱਚ ਇਵੇਂ ਹੈ ਕਿ "ਵੱਸਣਾ ਫੌਜੀ ਦੇ ਭਾਵੇਂ ਸਣੇ ਬੂਟ ਲੱਤ ਮਾਰੇ" ਆਦਿ ਬੋਲੀਆਂ ਦੀ ਭਰਮਾਰ ਹੈ। ਜਿਸਦੇ ਵਿਸਥਾਰ ਵਿੱਚ ਨਾ ਜਾਣ ਦੀ ਵਜ੍ਹਾ ਲੇਖ ਦੀ ਲੰਬਾਈ ਤੇ ਦੂਜੀ ਵਜ੍ਹਾ, ਇਹ ਪੁਰਾਤਨ ਬੋਲੀਆਂ ਉਸ ਸਮੇ ਦੇ ਅਨਾਮ ਲੇਖਕਾਂ ਵੱਲੋ ਸਿਰਜੀਆਂ ਗਈਆਂ ਹਨ, ਇਸ ਕਿਤਾਬ ਦੀ ਲੇਖਿਕਾਂ ਦੀ ਆਪਣੀ ਸੋਚ ਉਪਜ ਨਹੀ ਹੈ। ਇਸ ਖ਼ਜ਼ਾਨੇ ਨੂੰ ਸੰਭਾਲ ਕੇ ਤਰਤੀਬ ਦਿੱਤੀ ਹੈ। ਜਿਨ੍ਹਾਂ ਦਾ ਲੁਤਫ਼, ਇਸ ਕਿਤਾਬ ਨੂੰ ਪੜਨ ਵਾਲਾ ਆਪਣੇ ਮਿਜ਼ਾਜ਼ ਤੇ ਲਹਿਜ਼ੇ ਅਨੁਸਾਰ ਪੜ੍ਹ ਕੇ ਜ਼ਿਆਦਾ ਵਧੀਆ ਮਾਹੌਲ ਸਿਰਜਕੇ ਉਠਾਅ ਸਕਦਾ ਹੈ।

ਅਗਲੀ ਗੱਲ,ਯਕੀਨਨ ਹੀ ਇਹ ਦੂਸਰੀਆਂ ਭਾਸ਼ਾਵਾਂ ਵਿੱਚ ਵੀ ਹੁੰਦਾ ਹੋਏਗਾ ਪਰ ਇੱਥੇ ਗੱਲ ਇਸ ਪੁਸਤਕ ਅਤੇ ਪੰਜਾਬੀ ਮਾਂ ਬੋਲੀ ਦੇ ਸੰਬੰਧ ਵਿੱਚ ਹੋ ਰਹੀ ਹੈ ਸੋ ਪੰਜਾਬੀ ਬੋਲੀਆਂ ਵਿੱਚ ਬੁਝਾਰਤਾਂ-ਅਖਾਣਾਂ ਦੀ ਭਰਮਾਰ ਹੈ, ਜੋ ਰੋਚਕਤਾ ਦੇ ਨਾਲ-ਨਾਲ ਗਿਆਨ ਵੀ ਵੰਡਦੀਆਂ ਹਨ ਤੇ ਕਿੰਨੇ ਹੀ ਮੁਹਾਵਰੇ ਜੋ ਇਸੇ ਵਿਧਾ ਵਿੱਚੋਂ ਉਤਪੰਨ ਹੋਏ ਤੇ ਸਾਡੇ ਨਿੱਤ ਦੀ ਦੰਦ ਕਥਾ ਦਾ ਹਿੱਸਾ ਬਣਦੇ ਹਨ। ਪੁਰਾਣੇ ਸਮੇਂ ਦੇ ਬਜ਼ੁਰਗਾਂ ਜਾਂ ਜਿਨਾਂ ਅਜਿਹੀਆਂ ਕਿਤਾਬਾਂ ਦਾ ਅਧਿਐਨ ਕੀਤਾ ਹੈ, ਅਕਸਰ ਆਪਣੀ ਗੱਲਬਾਤ ਵਿੱਚ ਉਹਨਾਂ ਅਖਾਣਾ ਮੁਹਾਵਰਿਆਂ ਦਾ ਹਵਾਲਾ ਦਿੰਦੇ ਨਜ਼ਰ ਆਉਂਦੇ ਹਨ ਜੋ ਅਣਗਿਣਤ ਮਾਤਰਾ ਵਿੱਚ 'ਪੰਜਾਬੀ ਲੋਕ ਗੀਤਾਂ ਦਾ ਪਰਾਗਾ' ਵਿੱਚ ਸ਼ਾਮਿਲ ਹੈ। ਅਜਿਹਾ ਪੜਦਿਆਂ ਅਤੀਤ ਅਤੇ ਖਿਆਲਾਂ ਵਿੱਚ ਵੱਸਦੇ ਪੁਰਾਤਨ ਪੰਜਾਬ ਦੀ ਧੁੰਦਲੀ ਨਹੀਂ ਸਗੋਂ ਲਿਸ਼ਕੋਰ ਮਾਰਦੀ ਝਲਕ ਨਜ਼ਰ ਆਉਂਦੀ ਹੈ ਤੇ ਨੀਝ ਲਾ ਕੇ ਪੜਨ ਵਾਲਾ ਆਪਣੇ ਆਪ ਨੂੰ ਉਸੇ ਸਮੇਂ ਵਿੱਚ ਸਾਹ ਭਰਦਾ ਮਹਿਸੂਸ ਕਰਦਾ ਹੈ।ਰਜਿੰਦਰ ਕੌਰ ਚੌਹਕਾ ਜੀ ਨੇ ਇਸ ਕਿਤਾਬ ਵਿੱਚ ਆਮ ਜੀਵਨ ਨਾਲ ਜੁੜਿਆ ਹਰ ਪੱਖ ਅਤੇ ਉਸ ਉੱਤੇ ਉਸ ਵੇਲੇ ਦੇ ਸਿਰਜੇ ਗੀਤ ਬੋਲੀਆਂ ਆਦਿ ਨੂੰ ਬਹੁਤ ਵਿਸਥਾਰ ਨਾਲ ਉਜਾਗਰ ਕੀਤਾ ਹੈ। ਫਿਰ ਚਾਹੇ ਵਿਆਹ ਦੇ ਸ਼ੁਰੂ ਹੋਣ ਤੋਂ ਸੰਪੂਰਨ ਹੋਣ ਤੱਕ ਦੀ ਹਰ ਨਿੱਕੀ ਵੱਡੀ ਰਸਮ ਵੇਲੇ ਦੇ ਸ਼ਗਨਾਂ ਦੇ ਗੀਤ, ਸਿੱਠਨੀਆਂ, ਵਿਦਾਇਗੀ ਦੇ ਗੀਤ, ਫਿਰ ਵਿਆਹ ਤੋਂ ਬਾਅਦ ਪਤੀ ਪਤਨੀ ਦੀ ਨੋਕ-ਝੋਕ, ਗਿਲੇ-ਸ਼ਿਕਵੇ, ਸ਼ੌਕ-ਖੁਆਇਸ਼ਾ, ਸੱਧਰਾਂ ਨਾ ਪੁੱਗਾਉਣ 'ਤੇ ਪਤਨੀ ਵੱਲੋਂ ਪਤੀ ਨੂੰ ਮਿਹਣੇ ਤਾਨਿਆ, ਧੀ-ਪੁੱਤ ਦੇ ਗਰਭ 'ਚ ਹੋਣ ਤੋਂ ਲੈ ਕੇ ਬੱਚਾ ਪੈਦਾ ਹੋਣ ਤੇ ਚਾਵਾਂ-ਸ਼ਗਨਾਂ ਆਦਿ ਦੇ ਗੀਤ ਵੀ ਇਸ ਪੁਸਤਕ ਦਾ ਸ਼ਿੰਗਾਰ ਹਨ।

ਕਿਤਾਬ ਦੀ ਖੂਬਸੂਰਤੀ ਇਹ ਵੀ ਹੈ ਕਿ ਸੰਪਾਦਿਕਤਾ ਜੋੜੀ ਨੇ ਇਸ ਸਭ ਨੂੰ ਬਹੁਤ ਖੂਬਸੂਰਤ ਤਰਤੀਬ ਦਿੱਤੀ ਹੈ ਅਤੇ ਸਾਰੇ ਭਾਵ-ਵਿਸ਼ੇ ਨੂੰ 12 ਭਾਗਾਂ ਵਿੱਚ ਵੰਡਿਆ ਹੋਇਆ ਹੈ। ਜਿਸ ਵਿੱਚ ਪੰਜਾਬੀ ਭਾਸ਼ਾ, ਸਭਿਆਚਾਰ, ਔਰਤ ਵਰਗ, ਮਿਲਨ-ਬਿਰਹਾ, ਰਸਮਾਂ-ਵਿਆਹ, ਆਪਸੀ ਰਿਸ਼ਤੇ, ਸਾਵਣ ਭਾਦੋਂ, ਤੀਆਂ, ਸੱਥਾਂ, ਅਖਾੜੇ, ਤਿਉਹਾਰ, ਕਿਸਾਨੀ, ਪਹਿਰਾਵੇ, ਇਸ਼ਕ ਕਥਾਵਾਂ ਆਦਿ ਉੱਤੇ ਉਸ ਪੁਰਾਣੇ ਸਮੇਂ ਵਿੱਚ ਉਪਜੇ ਗੀਤਾਂ ਬੋਲੀਆਂ, ਗਥਾਵਾਂ ਆਦਿ ਨੂੰ ਬਹੁਤ ਵਿਸਥਾਰ ਨਾਲ ਬਿਆਨ ਕੀਤਾ ਹੈ।

ਵੈਸੇ ਤਾਂ ਕਿਸੇ ਵੀ ਪੁਸਤਕ ਦਾ ਨਾਮ ਅਤੇ ਉਸਦੇ ਲੇਖਕ ਵੱਲੋਂ ਲਿਖੀਆਂ ਕਿਤਾਬਾਂ ਜਾਂ ਲਿਖਤਾਂ ਤੋਂ ਉਸਦੀ ਲਿਖਣਸ਼ੈਲੀ ਜਾਣੀ ਵਿਸ਼ੇ ਦਾ ਅੰਦਾਜ਼ਾ ਲੱਗ ਹੀ ਜਾਂਦਾ ਹੈ ਪਰ ਰਜਿੰਦਰ ਕੌਰ ਚੋਹਕਾ ਦੀਆਂ ਪਿਛਲੀਆਂ ਕਿਤਾਬਾਂ ਔਰਤ ਸੰਘਰਸ਼ ਨੂੰ ਤੇ ਪੁਰਾਣੇ ਇਤਿਹਾਸ ਨੂੰ ਲੈ ਕੇ ਲਿਖੀਆਂ ਗਈਆਂ ਹਨ ਜਿਵੇਂ ਕਿ ਸੰਗਰਾਮਣਾਂ, ਮੁਕਤੀ ਲਈ ਭਾਰਤੀ ਇਸਤਰੀਆਂ ਦਾ ਸੰਘਰਸ਼, ਕੈਨੇਡਾ ਦੇ ਮੂਲ ਨਿਵਾਸੀਆਂ ਦੀ ਗਾਥਾ ਆਦਿ। ਉਸ ਮੁਤਾਬਕ ਇਸ ਕਿਤਾਬ ਦਾ ਵਿਸ਼ੇ ਬਹੁਤ ਹੀ ਅਲੱਗ ਨਜ਼ਰ ਆਉਂਦਾ ਹੈ ਪਰ ਜਿਵੇਂ ਕਿ ਕਿਤਾਬ ਦਾ ਨਾਮ ਤੇ ਇਸਦੇ ਸੰਪਾਦਕੀ ਲੇਖ ਵਿੱਚ ਜਗਦੀਸ਼ ਚੌਹਕਾ ਜੀ ਨੇ ਇਸ ਪੁਸਤਕ ਦੀ ਆਰੰਭਿਕਤਾ ਵਿੱਚ ਹੀ ਸਭਿਅਤਾ-ਸੱਭਿਆਚਾਰ ਤੇ ਲੋਕ ਗੀਤਾਂ ਦੇ ਜਨਮ ਇਤਿਹਾਸ ਨੂੰ ਲੈ ਕੇ ਬਹੁਤ ਹੀ ਡੂੰਘੀ ਜਾਣਕਾਰੀ ਸ਼ਾਮਿਲ ਕੀਤੀ ਹੈ। ਉਸੇ ਮੁਤਾਬਕ ਕਿਤਾਬ ਦਾ ਮੁਹਾਂਦਰਾ ਬਣ ਜਾਂਦਾ ਹੈ ਕਿ ਇਸ ਵਿੱਚ ਕੀ ਹੋਵੇਗਾ। ਇਸ ਕਿਤਾਬ ਦੇ ਕਈ ਹਿੱਸਿਆਂ ਵਿੱਚ ਬੜੀ ਰੋਚਕਤਾ ਪੈਦਾ ਕਰਦੀ ਜਾਣਕਾਰੀ ਅੰਕਿਤ ਹੈ,ਜਿਵੇਂ ਕਿ ਢੋਲਾ ਪੱਛਮੀ ਪੰਜਾਬ ਦਾ ਗੀਤ ਹੈ। ਪੋਠੋਹਾਰ, ਧਨੀ ਆਦਿ ਦੇ ਢੋਲੇ ਤਿੰਨ ਸਤਰਾਂ ਦੇ ਹੁੰਦੇ ਹਨ। ਬਾਰਾਂ ਦੇ ਢੋਲੇ ਲਮੇਰੇ ਹੁੰਦੇ ਹਨ। ਉਹਨਾਂ ਦੇ ਵਿਸ਼ੇ ਪਿਆਰ-ਬਿੰਬ, ਪ੍ਰੇਮੀਆਂ ਦੇ ਗਿਲੇ ਸ਼ਿਕਵੇ, ਨਿਹੋਰੇ-ਉਲਾਭੇ ,ਹੀਰ-ਰਾਂਝਾ, ਸੱਸੀ-ਪੁੰਨੂ, ਸੋਹਣੀ-ਮਹੀਵਾਲ ਦੀਆਂ ਪ੍ਰੇਮ ਕਹਾਣੀਆਂ ਦੇ ਇਲਾਵਾ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ, ਨਾਇਕ-ਨਾਇਕਾਵਾਂ ਦਾ ਕਲਾਤਮਿਕ ਚਿਤਰਣ ਵੀ ਹੁੰਦੇ ਹਨ ਅਤੇ ਜਿਵੇਂ 'ਝੂਮਰ' ਲੋਕ ਨਾਚ ਜਾਂਗਲੀ ਵਾਰ ਪੱਛਮੀ ਪੰਜਾਬ ਦੇ ਲੋਕਾਂ ਦਾ ਹੈ। ਜਿਸ ਨੂੰ ਗੱਭਰੂ ਵਿਆਹ ਜਾਂ ਹੋਰ ਸਮਾਗਮਾਂ ਸਮੇਂ ਗੋਲ ਦਾਇਰਾ ਬਣਾ ਕੇ ਤਾਲ ਉੱਤੇ ਪਾਉਂਦੇ ਹਨ ਅਤੇ ਜਿਵੇਂ ਸੰਮੀ ਔਰਤਾਂ ਦਾ ਨਾਚ ਹੈ ਅਤੇ ਉਸਨੂੰ ਤਾੜੀਆਂ ਦੀ ਤਾਲ 'ਤੇ ਕਰਨ ਦੀ ਕਿਰਿਆ, ਭੰਗੜੇ ਤੇ ਪ੍ਰਚਲਤ ਇਲਾਕੇ ਆਦਿ। ਸਿਰਫ ਇਹੀ ਨਹੀਂ ਲੇਖਕ ਨੇ ਹਰ ਇਲਾਕੇ ਦੀ ਬੋਲੀ ਬੋਲਣ, ਨਾਚ ਕਰਨ ਦੀ ਕਿਰਿਆ, ਉਤਸਵ ਪਹਿਰਾਵੇ ਅਤੇ ਪਿਛੋਕੜ ਇਤਿਹਾਸ ਨੂੰ ਪੂਰੀ ਜਾਣਕਾਰੀ ਨਾਲ ਘੋਖ ਕੇ ਲਿਖਿਆ ਹੈ ਅਤੇ ਇਤਿਹਾਸਿਕ ਵਰਨਣ ਤੋਂ ਬਾਅਦ ਕਈ ਸਫਿਆਂ ਦੀ ਲੜੀਵਾਰਤਾ ਨਾਲ, ਉਸ ਵਿਸ਼ੇ ਨਾਲ ਸੰਬੰਧਿਤ ਗੀਤਾਂ, ਬੋਲੀਆਂ ਨੂੰ ਵਿਸਥਾਰ ਦਿੱਤਾ ਹੈ। ਇਹਨਾਂ ਗੀਤਾਂ, ਬੋਲੀਆਂ ਵਿੱਚ ਮਰਦ ਦੇ ਕਾਰਜ, ਕਿਸਾਨੀ ਸੰਦਾਂ ਤੇ ਔਰਤ ਦੇ ਘਰੇਲੂ ਕੰਮਾਂ ਤੋਂ ਵਿਹਲੇ ਹੋ ਚਰਖੇ 'ਤੇ ਤੰਦ ਪਾਉਂਦੇ ਸਮੇਂ ਸਿਰਜੇ ਭਾਵ-ਗੀਤ ਵੀ ਦਰਜ ਹਨ,ਜੋ ਪੜਦਿਆਂ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਰੋਚਕਤਾਂ ਪੈਦਾ ਕਰਦੇ ਹਨ ਅਤੇ ਲੇਖਕ ਦੀ ਇਸ ਕਿਤਾਬ ਪ੍ਰਤੀ ਸਖਤ ਮਿਹਨਤ ਤੇ ਜਨੂੰਨੀਅਤ ਨੂੰ ਦਰਸਾਉਂਦੇ ਹਨ। ਜਿਸ ਸ਼ਿੱਦਤ-ਭਾਵ ਨਾਲ ਉਹਨਾਂ ਇਸ ਕਿਤਾਬ ਨੂੰ ਸਿਰਜਿਆ। ਉਸੇ ਤਰ੍ਹਾਂ ਦੇ ਚਿੰਤਕ-ਭਾਵ ਨਾਲ ਉਹਨਾਂ ਇਹਨਾਂ ਕਲਾਵਾਂ ਦੇ ਖਤਮ ਹੋਣ ਉੱਤੇ ਚਿੰਤਾ ਵੀ ਜ਼ਾਹਿਰ ਕੀਤੀ ਹੈ ਪਰ ਅਜਿਹੀਆਂ ਕਿਤਾਬਾਂ ਸਿਰਜ ਕੇ ਉਹਨਾਂ ਕਲਾਵਾਂ ਦਾ ਇਤਿਹਾਸ ਸਾਂਭ ਕੇ ਰੱਖਣਾ ਵੀ ਬੜਾ ਸ਼ਲਾਘਾਯੋਗ ਉੱਦਮ ਹੈ।




ਕਿਤਾਬ ਪੜਦਿਆਂ ਅਚੰਭਾ ਜਿਹਾ ਵੀ ਹੁੰਦਾ ਹੈ ਕਿ ਰਜਿੰਦਰ ਕੌਰ ਚੌਹਕਾ ਜੀ ਨੇ ਇੰਨਾ ਪੁਰਾਣਾ ਬੋਲੀਆਂ, ਗੀਤਾਂ ਤੇ ਲੋਕ ਕਾਵਿ ਦਾ ਸੱਭਿਆਚਾਰਕ ਖਜ਼ਾਨਾ ਕਿਵੇਂ ਸਾਂਭ ਕੇ ਰੱਖਿਆ ਹੋਵੇਗਾ। ਜਿਸ ਨੂੰ ਪੜ੍ਹਦਿਆਂ ਪੁਰਾਣੇ ਸਮੇਂ ਦਾ ਰਹਿਣ-ਸਹਿਣ ਤੇ ਜੀਵਨ ਜਾਂਚ ਦੀ ਦਾਰਸ਼ਨਿਕ ਝਲਕ ਦਿਖਾਈ ਦਿੰਦੀ ਹੈ। ਜਿਨਾਂ ਨੂੰ ਵੀ ਪੁਰਾਤਨ ਸਮੇਂ ਦਾ ਪੰਜਾਬ ਜਾਨਣ-ਘੋਖਣ ਦੀ ਚਾਹਤ ਹੈ। ਉਹਨਾ ਲਈ ਅਤੇ ਖਾਸ ਕਰ ਔਰਤ ਵਰਗ, ਜਿਹਨਾਂ ਦਾ ਸੱਭਿਆਚਾਰਕ ਪੁਰਾਤਨ ਬੋਲੀਆਂ ਤੇ ਲੋਕ ਕਥਾਵਾਂ ਨਾਲ ਡੂੰਘਾ ਮੋਹ ਹੈ। ਉਹਨਾ ਲਈ ਤਾਂ 'ਪੰਜਾਬੀ ਲੋਕ ਗੀਤਾਂ ਦਾ ਪਰਾਗਾ' ਇੱਕ ਅਨਮੋਲ ਤੋਹਫਾ ਸਾਬਤ ਹੋਏਗੀ। ਉਹਨਾਂ ਦੀਆਂ ਭਾਵਨਾਵਾਂ ਹਿੱਤ ਇਸ ਪੁਸਤਕ ਦਾ ਪੰਜਾਬੀ ਸਹਿਤ ਜਗਤ ਦੇ ਵੇਹੜੇ ਹਾਰਦਿਕ ਸਵਾਗਤ।ਸੰਗ੍ਰਹਿ ਕਰਤਾ, ਸੰਪਾਦਕ ਰਜਿੰਦਰ ਕੌਰ ਚੌਹਕਾ ਅਤੇ ਸਹਿ ਸੰਪਾਦਕ ਜਗਦੀਸ਼ ਚੌਹਕਾ ਜੀ ਨੂੰ ਬਹੁਤ ਬਹੁਤ ਮੁਬਾਰਕ।

# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ 9 ਨਵੇਂ ਜੱਜਾਂ ਦੀ ਨਿਯੁਕਤੀ ਨਾਲ ਬਣਿਆ ਨਵਾਂ ਰਿਕਾਰਡ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਸਦੀ ਤੋਂ ਵੱਧ ਪੁਰਾਣੇ ਇਤਿਹਾਸ ਵਿਚ ਪਹਿਲੀ ਵਾਰ ਬੈਂਚ ਵਿਚ ਮਹਿਲਾ ਜੱਜਾਂ ਦੀ ਗਿਣਤੀ ਵਧ ਕੇ 19 ਤੱਕ ਪਹੁੰਚ ਗਈ ਹੈ। ਕਾਰਜਕਾਰੀ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਨੌਂ ਵਾਧੂ (ਐਡੀਸ਼ਨਲ) ਜੱਜਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਹੈ, ਜਿਨ੍ਹਾਂ ਵਿਚ ਤਿੰਨ ਮਹਿਲਾ ਜੱਜ ਮੋਨਿਕਾ ਛਿੱਬਰ ਸ਼ਰਮਾ, ਪੂਜਾ ਚੋਪੜਾ ਅਤੇ ਦਿਵਿਆ ਸ਼ਰਮਾ ਸ਼ਾਮਲ ਹਨ। ਸਹੁੰ ਚੁੱਕਣ ਵਾਲੇ ਹੋਰ ਜੱਜਾਂ ਵਿਚ ਹਰਿਆਣਾ ਦੇ ਐਡਵੋਕੇਟ-ਜਨਰਲ ਪਰਵਿੰਦਰ ਸਿੰਘ ਚੌਹਾਨ ਦੇ ਨਾਲ-ਨਾਲ ਹਰਮੀਤ ਸਿੰਘ ਦਿਓਲ, ਰਾਜੇਸ਼ ਗੌਰ, ਸੁਨੀਸ਼ ਬਿੰਦਲਿਸ਼, ਮਿੰਦਰਜੀਤ ਯਾਦਵ ਅਤੇ ਰਾਵਿੰਦਰ ਮਲਿਕ ਸ਼ਾਮਲ ਹਨ।ਕੇਂਦਰ ਸਰਕਾਰ ਵੱਲੋਂ ਇਨ੍ਹਾਂ ਦੀ ਨਿਯੁਕਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਹਾਈ ਕੋਰਟ ਵਿਚ ਹੋਏ ਸਮਾਗਮ ਦੌਰਾਨ ਮੌਜੂਦਾ ਅਤੇ ਸੇਵਾਮੁਕਤ ਜੱਜ, ਅਧਿਕਾਰੀ ਅਤੇ ਨਵੇਂ ਜੱਜਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ। ਇਸ ਤੋਂ ਪਹਿਲਾਂ ਇਸ ਹਾਈ ਕੋਰਟ ਵਿਚ ਸਭ ਤੋਂ ਵੱਧ 18 ਮਹਿਲਾ ਜੱਜ ਹੋਣ ਦਾ ਰਿਕਾਰਡ ਸੀ, ਜਦੋਂ ਕਿ ਇਸ ਤੋਂ ਪਹਿਲਾਂ ਇਹ ਗਿਣਤੀ 13 ਤੱਕ ਵੀ ਰਹੀ ਸੀ। ਮੌਜੂਦਾ ਸਮੇਂ ਵਿਚ ਬੈਂਚ 'ਤੇ ਤਾਇਨਾਤ ਹੋਰ ਮਹਿਲਾ ਜੱਜਾਂ ਵਿਚ ਜਸਟਿਸ ਅਲਕਾ ਸਰੀਨ, ਜਸਟਿਸ ਅਰਚਨਾ ਪੁਰੀ, ਜਸਟਿਸ ਲਪਿਤਾ ਬੈਨਰਜੀ ਅਤੇ ਹੋਰ ਕਈ ਨਾਮਵਰ ਜੱਜ ਸ਼ਾਮਲ ਹਨ।ਬੈਂਚ ਵਿਚ 19 ਮਹਿਲਾ ਜੱਜਾਂ ਦੀ ਮੌਜੂਦਗੀ ਸੰਸਥਾ ਦੀ ਬਣਤਰ ਵਿਚ ਇੱਕ ਵੱਡਾ ਬਦਲਾਅ ਲੈ ਕੇ ਆਈ ਹੈ। ਬੈਂਚ ਵਿਚ ਮਹਿਲਾ ਪ੍ਰਤੀਨਿਧਤਾ ਵਧਣ ਨਾਲ ਔਰਤਾਂ, ਬੱਚਿਆਂ ਅਤੇ ਹੋਰ ਮਾਮਲਿਆਂ ਵਿਚ ਵਧੇਰੇ ਸੰਵੇਦਨਸ਼ੀਲ ਪਹੁੰਚ ਦੇਖਣ ਨੂੰ ਮਿਲੇਗੀ। ਇਸ ਨੂੰ ਨਿਆਂਪਾਲਿਕਾ ਵਿਚ ਵੱਖੋ-ਵੱਖਰੇ ਨਜ਼ਰੀਏ ਨੂੰ ਸੰਤੁਲਿਤ ਕਰਨ ਵੱਲ ਇੱਕ ਅਹਿਮ ਕਦਮ ਵਜੋਂ ਦੇਖਿਆ ਜਾ ਰਿਹਾ ਹੈ।ਦੂਜੇ ਪਾਸੇ, ਇਹ ਨਿਯੁਕਤੀਆਂ ਉਸ ਸਮੇਂ ਹੋਈਆਂ ਹਨ, ਜਦੋਂ ਹਾਈ ਕੋਰਟ ਵੱਡੀ ਗਿਣਤੀ ਵਿਚ ਲੰਬਿਤ ਕੇਸਾਂ ਅਤੇ ਜੱਜਾਂ ਦੀ ਨਿਰੰਤਰ ਘਾਟ ਨਾਲ ਜੂਝ ਰਹੀ ਹੈ। 85 ਦੀ ਮਨਜ਼ੂਰਸ਼ੁਦਾ ਤਾਕਤ ਦੇ ਮੁਕਾਬਲੇ ਇਹ ਅਦਾਲਤ ਸਿਰਫ਼ 55 ਜੱਜਾਂ ਨਾਲ ਕੰਮ ਕਰ ਰਹੀ ਸੀ, ਜਦੋਂ ਕਿ ਇੱਥੇ 4.22 ਲੱਖ ਤੋਂ ਵੱਧ ਕੇਸ ਪੈਂਡਿੰਗ ਹਨ। 2.55 ਲੱਖ ਤੋਂ ਵੱਧ ਸਿਵਲ ਅਤੇ 1.67 ਲੱਖ ਤੋਂ ਵੱਧ ਫ਼ੌਜਦਾਰੀ ਮਾਮਲੇ ਸ਼ਾਮਲ ਹਨ। ਸੰਵਿਧਾਨਕ ਤੌਰ 'ਤੇ ਦੇਸ਼ ਦੀਆਂ ਸਭ ਤੋਂ ਵੱਡੀਆਂ ਅਦਾਲਤਾਂ ਵਿਚੋਂ ਇੱਕ ਹਾਈ ਕੋਰਟ 'ਚ ਹੋਈਆਂ ਇਹ ਨਿਯੁਕਤੀਆਂ ਮਨੁੱਖੀ ਸ਼ਕਤੀ ਦੀ ਘਾਟ ਨੂੰ ਪੂਰਾ ਕਰਨ ਅਤੇ ਕੇਸਾਂ ਦੇ ਬੋਝ ਨੂੰ ਘਟਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਹੀਆਂ ਹਨ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

**Drug and Alcohol Test**

**DOT / NON DOT**

PRE EMPLOYMENT - RANDOM
POST ACCIDENT - REASONABLE SUSPICION


Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Pal Films
Production
All Your Photo/Videography &
Post Production needs Under One Roof
PF
RED PRO
5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਮਾਤ ਭਾਸ਼ਾ: ਸਿੱਖਿਆ ਦੀ ਪਹਿਲੀ ਸੀੜ੍ਹੀ

ਸਿੱਖਿਆ ਦੀ ਸ਼ੁਰੂਆਤ ਸਮਝ ਤੋਂ ਹੁੰਦੀ ਹੈ। ਕਿਸੇ ਬੱਚੇ ਵੱਲੋਂ ਗਣਿਤ ਦੀ ਸਮੱਸਿਆ ਹੱਲ ਕਰਨ, ਵਿਗਿਆਨਕ ਵਿਚਾਰ ਨੂੰ ਸਮਝਣ ਜਾਂ ਕਿਸੇ ਕਹਾਣੀ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਉਹ ਉਸ ਭਾਸ਼ਾ ਨੂੰ ਸਮਝੇ ਜਿਸ ਵਿੱਚ ਗਿਆਨ ਪੇਸ਼ ਕੀਤਾ ਜਾ ਰਿਹਾ ਹੈ। ਕਰੋੜਾਂ ਬੱਚਿਆਂ ਲਈ ਇਹ ਭਾਸ਼ਾ ਉਨ੍ਹਾਂ ਦੀ ਮਾਤ ਭਾਸ਼ਾ ਹੁੰਦੀ ਹੈ। ਇਹ ਘਰ, ਭਾਵਨਾਵਾਂ, ਰਿਸ਼ਤਿਆਂ ਅਤੇ ਰੋਜ਼ਾਨਾ ਦੇ ਤਜਰਬਿਆਂ ਦੀ ਭਾਸ਼ਾ ਹੈ। ਇਸ ਲਈ ਮਾਤ ਭਾਸ਼ਾ ਅਰਥਪੂਰਨ ਸਿੱਖਿਆ ਵੱਲ ਪਹਿਲਾ ਅਤੇ ਸਭ ਤੋਂ ਕੁਦਰਤੀ ਕਦਮ ਹੋ ਸਕਦੀ ਹੈ।

ਜਾਣ-ਪਛਾਣ ਵਾਲੀ ਭਾਸ਼ਾ ਤੋਂ ਸਿੱਖਣ ਦੀ ਸ਼ੁਰੂਆਤ

ਇੱਕ ਛੋਟਾ ਬੱਚਾ ਵਿਆਕਰਨ ਦੇ ਨਿਯਮ ਯਾਦ ਕਰਕੇ ਭਾਸ਼ਾ ਨਹੀਂ ਸਿੱਖਦਾ। ਭਾਸ਼ਾ ਸੁਣਨ, ਬੋਲਣ, ਦੇਖਣ ਅਤੇ ਪਰਿਵਾਰ ਤੇ ਆਲੇ-ਦੁਆਲੇ ਦੇ ਸਮਾਜ ਨਾਲ ਗੱਲਬਾਤ ਰਾਹੀਂ ਕੁਦਰਤੀ ਤੌਰ ’ਤੇ ਵਿਕਸਿਤ ਹੁੰਦੀ ਹੈ। ਇਸ ਲਈ ਮਾਤ ਭਾਸ਼ਾ ਬੱਚੇ ਦੇ ਤਜਰਬਿਆਂ ਨਾਲ ਡੂੰਘੀ ਤਰ੍ਹਾਂ ਜੁੜੀ ਹੁੰਦੀ ਹੈ।

ਜਦੋਂ ਮੁੱਢਲੀ ਸਿੱਖਿਆ ਉਸ ਭਾਸ਼ਾ ਵਿੱਚ ਦਿੱਤੀ ਜਾਂਦੀ ਹੈ ਜਿਸ ਨੂੰ ਬੱਚੇ ਪਹਿਲਾਂ ਹੀ ਸਮਝਦੇ ਹਨ, ਤਾਂ ਉਹ ਕਲਾਸਰੂਮ ਵਿੱਚ ਵਧੇਰੇ ਸਰਗਰਮੀ ਨਾਲ ਹਿੱਸਾ ਲੈ ਸਕਦੇ ਹਨ। ਉਹ ਬਿਨਾਂ ਝਿਜਕ ਸਵਾਲ ਪੁੱਛ ਸਕਦੇ ਹਨ, ਆਪਣੇ ਵਿਚਾਰ ਸਪਸ਼ਟ ਤੌਰ ’ਤੇ ਪ੍ਰਗਟ ਕਰ ਸਕਦੇ ਹਨ ਅਤੇ ਪਾਠਕ੍ਰਮ ਦੇ ਵਿਚਾਰਾਂ ਨੂੰ ਰੋਜ਼ਾਨਾ ਜੀਵਨ ਦੀਆਂ ਸਥਿਤੀਆਂ ਨਾਲ ਜੋੜ ਸਕਦੇ ਹਨ।

ਜਾਣ-ਪਛਾਣ ਵਾਲੀ ਭਾਸ਼ਾ ਸਿੱਖਿਆ ਨੂੰ ਇੱਕ ਔਖੇ ਕੰਮ ਤੋਂ ਗਿਆਨ ਦੀ ਖੋਜ ਦੀ ਪ੍ਰਕਿਰਿਆ ਵਿੱਚ ਬਦਲ ਸਕਦੀ ਹੈ।

ਯਾਦ ਕਰਨ ਤੋਂ ਪਹਿਲਾਂ ਸਮਝਣਾ

ਸਿੱਖਿਆ ਦੀਆਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਇਹ ਹੈ ਕਿ ਅਸੀਂ ਕਈ ਵਾਰ ਯਾਦ ਕਰਨ ਨੂੰ ਹੀ ਸਿੱਖਣ ਸਮਝ ਲੈਂਦੇ ਹਾਂ। ਬੱਚਾ ਕਿਸੇ ਪਰਿਭਾਸ਼ਾ ਨੂੰ ਯਾਦ ਕਰ ਸਕਦਾ ਹੈ ਜਾਂ ਕੋਈ ਉੱਤਰ ਦੁਹਰਾ ਸਕਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੇ ਉਸ ਦਾ ਅਰਥ ਵੀ ਸਮਝ ਲਿਆ ਹੈ। ਇਸ ਸਮੱਸਿਆ ਵਿੱਚ ਭਾਸ਼ਾ ਦੀ ਮਹੱਤਵਪੂਰਨ ਭੂਮਿਕਾ ਹੈ।

ਜਦੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਭਾਸ਼ਾ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਉਹ ਧਾਰਨਾ ਨੂੰ ਸਮਝਣ ਦੀ ਬਜਾਏ ਸ਼ਬਦਾਂ ਨੂੰ ਸਮਝਣ ਵਿੱਚ ਜ਼ਿਆਦਾ ਮਿਹਨਤ ਕਰ ਸਕਦੇ ਹਨ। ਇਸ ਨਾਲ ਰਟਨ, ਯਾਦ ਕੀਤੇ ਉੱਤਰਾਂ ’ਤੇ ਨਿਰਭਰਤਾ ਅਤੇ ਸਵਾਲ ਪੁੱਛਣ ਵਿੱਚ ਝਿਜਕ ਪੈਦਾ ਹੋ ਸਕਦੀ ਹੈ।

ਜਾਣ-ਪਛਾਣ ਵਾਲੀ ਭਾਸ਼ਾ ਰਾਹੀਂ ਮਹੱਤਵਪੂਰਨ ਧਾਰਨਾਵਾਂ ਸਿਖਾਉਣ ਨਾਲ ਧਿਆਨ “ਮੈਨੂੰ ਕੀ ਯਾਦ ਕਰਨਾ ਹੈ?” ਤੋਂ ਬਦਲ ਕੇ “ਇਸ ਦਾ ਅਰਥ ਕੀ ਹੈ?” ਵੱਲ ਕੀਤਾ ਜਾ ਸਕਦਾ ਹੈ।

ਇਹ ਤਬਦੀਲੀ ਅਸਲ ਸਿੱਖਿਆ ਲਈ ਬਹੁਤ ਮਹੱਤਵਪੂਰਨ ਹੈ।

ਮਾਤ ਭਾਸ਼ਾ ਅਤੇ ਆਤਮ-ਵਿਸ਼ਵਾਸ

ਭਾਸ਼ਾ ਦਾ ਆਤਮ-ਵਿਸ਼ਵਾਸ ਨਾਲ ਵੀ ਡੂੰਘਾ ਸਬੰਧ ਹੈ। ਜਿਹੜੇ ਬੱਚੇ ਆਸਾਨੀ ਨਾਲ ਗੱਲਬਾਤ ਕਰ ਸਕਦੇ ਹਨ, ਉਹ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲੈਣ, ਸਵਾਲਾਂ ਦੇ ਜਵਾਬ ਦੇਣ ਅਤੇ ਆਪਣੇ ਵਿਚਾਰ ਸਾਂਝੇ ਕਰਨ ਲਈ ਵਧੇਰੇ ਤਿਆਰ ਹੁੰਦੇ ਹਨ।

ਇਸ ਦੇ ਉਲਟ, ਕੋਈ ਬੱਚਾ ਕਿਸੇ ਧਾਰਨਾ ਨੂੰ ਸਮਝਦਾ ਹੋਵੇ ਪਰ ਕਲਾਸ ਵਿੱਚ ਉਸ ਨੂੰ ਆਤਮ-ਵਿਸ਼ਵਾਸ ਨਾਲ ਪ੍ਰਗਟ ਨਾ ਕਰ ਸਕੇ, ਤਾਂ ਉਹ ਆਪਣੀ ਅਸਲ ਸਮਰੱਥਾ ਨਾਲੋਂ ਘੱਟ ਯੋਗ ਦਿਖਾਈ ਦੇ ਸਕਦਾ ਹੈ। ਸਮੱਸਿਆ ਬੁੱਧੀ ਦੀ ਨਹੀਂ, ਸਗੋਂ ਭਾਸ਼ਾ ਦੀ ਰੁਕਾਵਟ ਦੀ ਹੋ ਸਕਦੀ ਹੈ।

ਇਸ ਲਈ ਇੱਕ ਸਹਾਇਕ ਸਿੱਖਿਆ ਪ੍ਰਣਾਲੀ ਨੂੰ ਖ਼ਾਸ ਤੌਰ ’ਤੇ ਸਿੱਖਿਆ ਦੇ ਮੁੱਢਲੇ ਸਾਲਾਂ ਵਿੱਚ ਬੱਚਿਆਂ ਨੂੰ ਉਸ ਭਾਸ਼ਾ ਵਿੱਚ ਸੋਚਣ ਅਤੇ ਗੱਲ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ ਜਿਸ ਨੂੰ ਉਹ ਚੰਗੀ ਤਰ੍ਹਾਂ ਸਮਝਦੇ ਹਨ।

ਸਕੂਲ ਨੂੰ ਘਰ ਨਾਲ ਜੋੜਨਾ

ਸਿੱਖਿਆ ਉਦੋਂ ਹੋਰ ਮਜ਼ਬੂਤ ਬਣਦੀ ਹੈ ਜਦੋਂ ਸਕੂਲ ਵਿੱਚ ਸਿੱਖੀਆਂ ਗੱਲਾਂ ਅਤੇ ਘਰ ਵਿੱਚ ਬੱਚੇ ਦੇ ਤਜਰਬਿਆਂ ਵਿਚਕਾਰ ਸੰਬੰਧ ਬਣਦਾ ਹੈ।

ਜਦੋਂ ਮਾਪੇ ਸਿੱਖਿਆ ਵਿੱਚ ਵਰਤੀ ਜਾਣ ਵਾਲੀ ਭਾਸ਼ਾ ਨੂੰ ਸਮਝਦੇ ਹਨ, ਤਾਂ ਉਨ੍ਹਾਂ ਲਈ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਹਿੱਸਾ ਲੈਣਾ ਆਸਾਨ ਹੋ ਜਾਂਦਾ ਹੈ। ਉਹ ਪਾਠਾਂ ਬਾਰੇ ਗੱਲ ਕਰ ਸਕਦੇ ਹਨ, ਪੜ੍ਹਨ ਲਈ ਉਤਸ਼ਾਹਿਤ ਕਰ ਸਕਦੇ ਹਨ, ਰੋਜ਼ਾਨਾ ਜੀਵਨ ਦੀਆਂ ਉਦਾਹਰਨਾਂ ਦੇ ਸਕਦੇ ਹਨ ਅਤੇ ਘਰ ਦੇ ਕੰਮ ਵਿੱਚ ਸਹਾਇਤਾ ਕਰ ਸਕਦੇ ਹਨ।

ਇਹ ਉਨ੍ਹਾਂ ਭਾਈਚਾਰਿਆਂ ਵਿੱਚ ਖ਼ਾਸ ਤੌਰ ’ਤੇ ਮਹੱਤਵਪੂਰਨ ਹੈ ਜਿੱਥੇ ਮਾਪਿਆਂ ਨੂੰ ਰਸਮੀ ਸਿੱਖਿਆ ਵਿੱਚ ਵਰਤੀ ਜਾਣ ਵਾਲੀ ਭਾਸ਼ਾ ਨਾਲ ਘੱਟ ਜਾਣ-ਪਛਾਣ ਹੁੰਦੀ ਹੈ। ਸਕੂਲ ਅਤੇ ਘਰ ਵਿਚਕਾਰ ਭਾਸ਼ਾਈ ਦੂਰੀ ਮਾਪਿਆਂ ਦੀ ਭਾਗੀਦਾਰੀ ਨੂੰ ਅਣਜਾਣੇ ਵਿੱਚ ਘਟਾ ਸਕਦੀ ਹੈ।

ਮਾਤ ਭਾਸ਼ਾ ਕਲਾਸਰੂਮ ਅਤੇ ਪਰਿਵਾਰ ਵਿਚਕਾਰ ਇੱਕ ਪੁਲ ਦਾ ਕੰਮ ਕਰ ਸਕਦੀ ਹੈ।

ਸਥਾਨਕ ਗਿਆਨ ਦੀ ਮਹੱਤਤਾ

ਹਰ ਭਾਸ਼ਾ ਸਿਰਫ਼ ਸ਼ਬਦਾਂ ਦਾ ਸਮੂਹ ਨਹੀਂ ਹੁੰਦੀ। ਇਸ ਵਿੱਚ ਕਹਾਣੀਆਂ, ਪਰੰਪਰਾਵਾਂ, ਪ੍ਰਗਟਾਵੇ, ਇਤਿਹਾਸ ਅਤੇ ਪੀੜ੍ਹੀ ਦਰ ਪੀੜ੍ਹੀ ਇਕੱਠਾ ਕੀਤਾ ਗਿਆ ਗਿਆਨ ਵੀ ਸ਼ਾਮਲ ਹੁੰਦਾ ਹੈ।

ਸਥਾਨਕ ਭਾਸ਼ਾਵਾਂ ਵਿੱਚ ਖੇਤੀਬਾੜੀ, ਵਾਤਾਵਰਣ, ਰਵਾਇਤੀ ਤਰੀਕਿਆਂ, ਦਸਤਕਾਰੀ, ਸਥਾਨਕ ਭੂਗੋਲ ਅਤੇ ਭਾਈਚਾਰਕ ਜੀਵਨ ਨਾਲ ਸਬੰਧਤ ਕੀਮਤੀ ਗਿਆਨ ਮੌਜੂਦ ਹੁੰਦਾ ਹੈ। ਜਦੋਂ ਸਿੱਖਿਆ ਇਨ੍ਹਾਂ ਭਾਸ਼ਾਵਾਂ ਦਾ ਸਨਮਾਨ ਕਰਦੀ ਹੈ, ਤਾਂ ਇਹ ਰਸਮੀ ਗਿਆਨ ਨੂੰ ਸਥਾਨਕ ਤਜਰਬਿਆਂ ਨਾਲ ਜੋੜਨ ਦੇ ਮੌਕੇ ਵੀ ਪੈਦਾ ਕਰਦੀ ਹੈ।

ਉਦਾਹਰਨ ਵਜੋਂ, ਵਾਤਾਵਰਣ ਵਿਗਿਆਨ ਪੜ੍ਹ ਰਿਹਾ ਬੱਚਾ ਨਦੀਆਂ, ਜੰਗਲਾਂ, ਫ਼ਸਲਾਂ, ਮੌਸਮ ਜਾਂ ਆਪਣੇ ਇਲਾਕੇ ਦੀਆਂ ਵਾਤਾਵਰਣਕ ਸਮੱਸਿਆਵਾਂ ਨਾਲ ਜੋੜ ਕੇ ਧਾਰਨਾਵਾਂ ਨੂੰ ਹੋਰ ਡੂੰਘਾਈ ਨਾਲ ਸਮਝ ਸਕਦਾ ਹੈ।

ਸਿੱਖਿਆ ਉਦੋਂ ਹੋਰ ਪ੍ਰਸੰਗਿਕ ਬਣਦੀ ਹੈ ਜਦੋਂ ਗਿਆਨ ਸਿੱਖਣ ਵਾਲੇ ਦੀ ਆਪਣੀ ਦੁਨੀਆ ਨਾਲ ਗੱਲ ਕਰਦਾ ਹੈ।

ਮਾਤ ਭਾਸ਼ਾ ਦਾ ਅਰਥ ਇਕੱਲੇ ਰਹਿਣਾ ਨਹੀਂ

ਮਾਤ ਭਾਸ਼ਾ ਵਿੱਚ ਸਿੱਖਿਆ ਦਾ ਸਮਰਥਨ ਕਰਨ ਦਾ ਅਰਥ ਅੰਗਰੇਜ਼ੀ ਜਾਂ ਹੋਰ ਭਾਸ਼ਾਵਾਂ ਨੂੰ ਰੱਦ ਕਰਨਾ ਨਹੀਂ ਹੈ। ਅੱਜ ਦੀ ਆਪਸ ਵਿੱਚ ਜੁੜੀ ਦੁਨੀਆ ਵਿੱਚ ਬਹੁ-ਭਾਸ਼ਾਈ ਸਮਰੱਥਾ ਇੱਕ ਮਹੱਤਵਪੂਰਨ ਤਾਕਤ ਹੈ।

ਅੰਗਰੇਜ਼ੀ ਅੰਤਰਰਾਸ਼ਟਰੀ ਖੋਜ, ਉੱਚ ਸਿੱਖਿਆ, ਤਕਨਾਲੋਜੀ ਅਤੇ ਵਿਸ਼ਵ ਪੱਧਰੀ ਸੰਚਾਰ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਹੋਰ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਾਧੂ ਸੱਭਿਆਚਾਰਕ ਅਤੇ ਪੇਸ਼ੇਵਰ ਮੌਕੇ ਖੋਲ੍ਹ ਸਕਦੀਆਂ ਹਨ।

ਅਸਲ ਸਵਾਲ ਮਾਤ ਭਾਸ਼ਾ ਬਨਾਮ ਅੰਗਰੇਜ਼ੀ ਨਹੀਂ ਹੈ। ਬਿਹਤਰ ਸਵਾਲ ਇਹ ਹੈ: ਬੱਚੇ ਜਾਣ-ਪਛਾਣ ਵਾਲੀ ਭਾਸ਼ਾ ਵਿੱਚ ਮਜ਼ਬੂਤ ਨੀਂਹ ਕਿਵੇਂ ਤਿਆਰ ਕਰਨ ਅਤੇ ਇਸ ਦੇ ਨਾਲ-ਨਾਲ ਹੋਰ ਭਾਸ਼ਾਵਾਂ ਵੀ ਕਿਵੇਂ ਸਿੱਖਣ?

ਬੱਚੇ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਅਤੇ ਵਿਸ਼ਵ ਪੱਧਰੀ ਮੌਕਿਆਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ।

ਬਹੁ-ਭਾਸ਼ਾਈ ਸਮਰੱਥਾ ਇੱਕ ਤਾਕਤ

ਭਾਰਤ ਦੁਨੀਆ ਦੇ ਸਭ ਤੋਂ ਵੱਧ ਭਾਸ਼ਾਈ ਵਿਭਿੰਨਤਾ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਇਸ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਸਿੱਖਿਆ ਲਈ ਰੁਕਾਵਟਾਂ ਨਹੀਂ, ਸਗੋਂ ਸਿੱਖਿਆ ਦੇ ਸਰੋਤ ਬਣ ਸਕਦੀਆਂ ਹਨ।

ਇੱਕ ਸੁਚੱਜੀ ਬਹੁ-ਭਾਸ਼ਾਈ ਪਹੁੰਚ ਬੱਚਿਆਂ ਨੂੰ ਜਾਣ-ਪਛਾਣ ਵਾਲੀ ਭਾਸ਼ਾ ਵਿੱਚ ਮਜ਼ਬੂਤ ਧਾਰਨਾਤਮਕ ਸਮਝ ਵਿਕਸਿਤ ਕਰਨ ਅਤੇ ਹੌਲੀ-ਹੌਲੀ ਹੋਰ ਭਾਸ਼ਾਵਾਂ ਸਿੱਖਣ ਵਿੱਚ ਮਦਦ ਕਰ ਸਕਦੀ ਹੈ। ਇਹ ਬੌਧਿਕ ਵਿਕਾਸ ਅਤੇ ਸੰਚਾਰ ਦੋਵਾਂ ਲਈ ਲਾਭਦਾਇਕ ਹੋ ਸਕਦਾ ਹੈ।

ਉਦੇਸ਼ ਜੋੜਨ ਵਾਲਾ ਹੋਣਾ ਚਾਹੀਦਾ ਹੈ, ਬਦਲਣ ਵਾਲਾ ਨਹੀਂ। ਨਵੀਂ ਭਾਸ਼ਾ ਸਿੱਖਣ ਨਾਲ ਬੱਚੇ ਦੀਆਂ ਸਮਰੱਥਾਵਾਂ ਵਿੱਚ ਵਾਧਾ ਹੋਵੇ, ਪਰ ਉਸ ਨੂੰ ਇਹ ਮਹਿਸੂਸ ਨਾ ਹੋਵੇ ਕਿ ਉਸ ਦੀ ਘਰ ਦੀ ਭਾਸ਼ਾ ਘੱਟ ਮਹੱਤਵਪੂਰਨ ਹੈ।

ਅਧਿਆਪਕਾਂ ਦੀ ਭੂਮਿਕਾ

ਭਾਸ਼ਾ ਨੂੰ ਰੁਕਾਵਟ ਦੀ ਬਜਾਏ ਪੁਲ ਬਣਾਉਣ ਵਿੱਚ ਅਧਿਆਪਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।

ਅਧਿਆਪਕ ਔਖੇ ਵਿਚਾਰਾਂ ਨੂੰ ਸਰਲ ਭਾਸ਼ਾ ਵਿੱਚ ਸਮਝਾ ਸਕਦਾ ਹੈ, ਜਾਣ-ਪਛਾਣ ਵਾਲੀਆਂ ਉਦਾਹਰਨਾਂ ਦੀ ਵਰਤੋਂ ਕਰ ਸਕਦਾ ਹੈ, ਵਿਦਿਆਰਥੀਆਂ ਨੂੰ ਸਵਾਲ ਪੁੱਛਣ ਲਈ ਉਤਸ਼ਾਹਿਤ ਕਰ ਸਕਦਾ ਹੈ ਅਤੇ ਜ਼ਰੂਰਤ ਪੈਣ ’ਤੇ ਬੱਚੇ ਦੀ ਘਰੇਲੂ ਭਾਸ਼ਾ ਦੀ ਉਚਿਤ ਵਰਤੋਂ ਦੀ ਆਗਿਆ ਦੇ ਸਕਦਾ ਹੈ।

ਕਲਾਸਰੂਮ ਵਿਚਾਰ-ਵਟਾਂਦਰੇ ਵਿੱਚ ਸਥਾਨਕ ਤਜਰਬਿਆਂ ਅਤੇ ਸ਼ਬਦਾਵਲੀ ਨੂੰ ਸ਼ਾਮਲ ਕਰਦੇ ਹੋਏ ਹੌਲੀ-ਹੌਲੀ ਹੋਰ ਭਾਸ਼ਾਵਾਂ ਦੀ ਅਕਾਦਮਿਕ ਸ਼ਬਦਾਵਲੀ ਵੀ ਪੇਸ਼ ਕੀਤੀ ਜਾ ਸਕਦੀ ਹੈ।

ਚੰਗੀ ਸਿੱਖਿਆ ਸਿਰਫ਼ ਪਾਠ ਪੜ੍ਹਾਉਣ ਦਾ ਨਾਮ ਨਹੀਂ। ਇਹ ਯਕੀਨੀ ਬਣਾਉਣ ਦਾ ਨਾਮ ਹੈ ਕਿ ਵਿਦਿਆਰਥੀ ਉਸ ਗਿਆਨ ਤੱਕ ਪਹੁੰਚ ਵੀ ਸਕਣ।

ਤਕਨਾਲੋਜੀ ਖੇਤਰੀ ਭਾਸ਼ਾਵਾਂ ਨੂੰ ਮਜ਼ਬੂਤ ਕਰ ਸਕਦੀ ਹੈ

ਡਿਜ਼ੀਟਲ ਤਕਨਾਲੋਜੀ ਮਾਤ ਭਾਸ਼ਾ ਵਿੱਚ ਸਿੱਖਿਆ ਲਈ ਨਵੇਂ ਮੌਕੇ ਪੈਦਾ ਕਰ ਰਹੀ ਹੈ। ਵਿਦਿਅਕ ਵੀਡੀਓ, ਡਿਜ਼ੀਟਲ ਲਾਇਬ੍ਰੇਰੀਆਂ, ਅਨੁਵਾਦ ਸਾਧਨ, ਆਡੀਓ ਸਰੋਤ ਅਤੇ ਕ੍ਰਿਤ੍ਰਿਮ ਬੁੱਧੀ ਵਧੇਰੇ ਭਾਸ਼ਾਵਾਂ ਵਿੱਚ ਗੁਣਵੱਤਾ ਵਾਲੀ ਸਿੱਖਿਆ ਸਮੱਗਰੀ ਉਪਲਬਧ ਕਰਵਾਉਣ ਵਿੱਚ ਮਦਦ ਕਰ ਸਕਦੇ ਹਨ।

ਪਰ ਸਿਰਫ਼ ਤਕਨਾਲੋਜੀ ਭਾਸ਼ਾਈ ਚੁਣੌਤੀ ਦਾ ਹੱਲ ਨਹੀਂ ਕਰ ਸਕਦੀ। ਸਮੱਗਰੀ ਸਹੀ, ਸੱਭਿਆਚਾਰਕ ਤੌਰ ’ਤੇ ਪ੍ਰਸੰਗਿਕ ਅਤੇ ਆਸਾਨੀ ਨਾਲ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਅਧਿਆਪਕਾਂ, ਸਿੱਖਿਆ ਸੰਸਥਾਵਾਂ ਅਤੇ ਭਾਸ਼ਾ ਮਾਹਿਰਾਂ ਨੂੰ ਮਿਲ ਕੇ ਉੱਚ ਗੁਣਵੱਤਾ ਵਾਲੇ ਸਰੋਤ ਤਿਆਰ ਕਰਨੇ ਚਾਹੀਦੇ ਹਨ।

ਡਿਜ਼ੀਟਲ ਯੁੱਗ ਨੂੰ ਸਿੱਖਿਆ ਨੂੰ ਭਾਸ਼ਾਈ ਤੌਰ ’ਤੇ ਹੋਰ ਸੀਮਤ ਨਹੀਂ, ਸਗੋਂ ਗਿਆਨ ਨੂੰ ਹੋਰ ਵਧੇਰੇ ਭਾਸ਼ਾਵਾਂ ਵਿੱਚ ਉਪਲਬਧ ਕਰਵਾਉਣ ਵਾਲਾ ਬਣਨਾ ਚਾਹੀਦਾ ਹੈ।

ਕਲਾਸਰੂਮ ਤੋਂ ਪਰੇ

ਮਾਤ ਭਾਸ਼ਾ ਦੀ ਮਹੱਤਤਾ ਸਿਰਫ਼ ਸਕੂਲੀ ਪ੍ਰੀਖਿਆਵਾਂ ਤੱਕ ਸੀਮਿਤ ਨਹੀਂ ਹੈ। ਭਾਸ਼ਾ ਇਹ ਨਿਰਧਾਰਤ ਕਰਨ ਵਿੱਚ ਵੀ ਭੂਮਿਕਾ ਨਿਭਾਉਂਦੀ ਹੈ ਕਿ ਲੋਕ ਕਿਵੇਂ ਗੱਲਬਾਤ ਕਰਦੇ ਹਨ, ਸੋਚਦੇ ਹਨ, ਸਮਾਜ ਵਿੱਚ ਹਿੱਸਾ ਲੈਂਦੇ ਹਨ ਅਤੇ ਆਪਣੇ ਆਲੇ-ਦੁਆਲੇ ਨੂੰ ਸਮਝਦੇ ਹਨ।

ਜਿਹੜਾ ਵਿਦਿਆਰਥੀ ਮੁੱਢਲੇ ਸਾਲਾਂ ਵਿੱਚ ਪੜ੍ਹਨ ਅਤੇ ਸੰਚਾਰ ਦੀਆਂ ਮਜ਼ਬੂਤ ਯੋਗਤਾਵਾਂ ਵਿਕਸਿਤ ਕਰ ਲੈਂਦਾ ਹੈ, ਉਹ ਹੌਲੀ-ਹੌਲੀ ਇਹ ਹੁਨਰ ਹੋਰ ਭਾਸ਼ਾਵਾਂ ਵਿੱਚ ਵੀ ਵਰਤ ਸਕਦਾ ਹੈ। ਮਜ਼ਬੂਤ ਬੁਨਿਆਦੀ ਸਾਖਰਤਾ ਇਸ ਲਈ ਜੀਵਨ ਭਰ ਸਿੱਖਣ ਦਾ ਆਧਾਰ ਬਣ ਸਕਦੀ ਹੈ।

ਲਾਇਬ੍ਰੇਰੀਆਂ, ਕਮਿਊਨਿਟੀ ਲਰਨਿੰਗ ਸੈਂਟਰ ਅਤੇ ਸਥਾਨਕ ਪੜ੍ਹਨ ਪ੍ਰੋਗਰਾਮ ਵੀ ਖੇਤਰੀ ਭਾਸ਼ਾਵਾਂ ਵਿੱਚ ਕਿਤਾਬਾਂ ਅਤੇ ਸਿੱਖਿਆ ਸਮੱਗਰੀ ਉਪਲਬਧ ਕਰਵਾ ਕੇ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਹਰ ਭਾਸ਼ਾ ਦਾ ਸਨਮਾਨ

ਹਰ ਭਾਸ਼ਾ ਸਨਮਾਨ ਦੀ ਹੱਕਦਾਰ ਹੈ। ਜਦੋਂ ਬੱਚਿਆਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀ ਘਰੇਲੂ ਭਾਸ਼ਾ ਨੂੰ ਘੱਟ ਸਮਝਿਆ ਜਾਂਦਾ ਹੈ, ਤਾਂ ਉਹ ਹੌਲੀ-ਹੌਲੀ ਆਪਣੀ ਪਛਾਣ ਅਤੇ ਭਾਈਚਾਰੇ ਦੇ ਇੱਕ ਮਹੱਤਵਪੂਰਨ ਹਿੱਸੇ ਤੋਂ ਦੂਰ ਹੋ ਸਕਦੇ ਹਨ।

ਸਿੱਖਿਆ ਨੂੰ ਇਸ ਦੀ ਬਜਾਏ ਇਹ ਸੰਦੇਸ਼ ਦੇਣਾ ਚਾਹੀਦਾ ਹੈ: ਤੁਹਾਡੀ ਭਾਸ਼ਾ ਕੀਮਤੀ ਹੈ, ਤੁਹਾਡੇ ਤਜਰਬੇ ਮਹੱਤਵਪੂਰਨ ਹਨ ਅਤੇ ਤੁਹਾਡੀ ਆਵਾਜ਼ ਸੁਣੇ ਜਾਣ ਦੇ ਯੋਗ ਹੈ।

ਭਾਸ਼ਾ ਦਾ ਸਨਮਾਨ ਸਿੱਖਿਆ ਵਿੱਚ ਭਾਗੀਦਾਰੀ ਅਤੇ ਸਮਾਜਿਕ ਸ਼ਮੂਲੀਅਤ ਦੋਵਾਂ ਨੂੰ ਮਜ਼ਬੂਤ ਕਰ ਸਕਦਾ ਹੈ।

ਅੱਗੇ ਦਾ ਰਸਤਾ

ਸਿੱਖਿਆ ਦਾ ਭਵਿੱਖ ਇੱਕ ਭਾਸ਼ਾ ਨੂੰ ਦੂਜੀ ਦੀ ਕੀਮਤ ’ਤੇ ਚੁਣਨ ਵਿੱਚ ਨਹੀਂ ਹੋਣਾ ਚਾਹੀਦਾ। ਇਸ ਦਾ ਉਦੇਸ਼ ਮਜ਼ਬੂਤ ਨੀਂਹ ਤਿਆਰ ਕਰਨਾ ਅਤੇ ਸੰਭਾਵਨਾਵਾਂ ਦਾ ਵਿਸਥਾਰ ਕਰਨਾ ਹੋਣਾ ਚਾਹੀਦਾ ਹੈ।

ਬੱਚਿਆਂ ਨੂੰ ਧਾਰਨਾਵਾਂ ਨੂੰ ਡੂੰਘਾਈ ਨਾਲ ਸਮਝਣ, ਆਤਮ-ਵਿਸ਼ਵਾਸ ਨਾਲ ਸੰਚਾਰ ਕਰਨ ਅਤੇ ਹੌਲੀ-ਹੌਲੀ ਕਈ ਭਾਸ਼ਾਵਾਂ ਸਿੱਖਣ ਦੇ ਮੌਕੇ ਮਿਲਣੇ ਚਾਹੀਦੇ ਹਨ। ਸਕੂਲਾਂ ਨੂੰ ਅਧਿਆਪਨ ਤਰੀਕੇ, ਪਾਠ ਪੁਸਤਕਾਂ ਅਤੇ ਮੁਲਾਂਕਣ ਪ੍ਰਣਾਲੀਆਂ ਤਿਆਰ ਕਰਦੇ ਸਮੇਂ ਵਿਦਿਆਰਥੀਆਂ ਦੀ ਭਾਸ਼ਾਈ ਪਿਛੋਕੜ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਮਾਪੇ, ਅਧਿਆਪਕ, ਨੀਤੀ-ਨਿਰਮਾਤਾ ਅਤੇ ਭਾਈਚਾਰੇ ਸਾਰੇ ਮਿਲ ਕੇ ਅਜਿਹੀ ਸਿੱਖਿਆ ਪ੍ਰਣਾਲੀ ਬਣਾਉਣ ਵਿੱਚ ਭੂਮਿਕਾ ਨਿਭਾ ਸਕਦੇ ਹਨ ਜਿੱਥੇ ਭਾਸ਼ਾ ਗਿਆਨ ਤੱਕ ਪਹੁੰਚ ਦਾ ਦਰਵਾਜ਼ਾ ਬਣੇ, ਰੁਕਾਵਟ ਨਹੀਂ।

ਸਿੱਟਾ

ਮਾਤ ਭਾਸ਼ਾ ਸਿੱਖਿਆ ਦੀ ਪਹਿਲੀ ਸੀੜ੍ਹੀ ਹੋ ਸਕਦੀ ਹੈ, ਕਿਉਂਕਿ ਇਹ ਉਸ ਥਾਂ ਤੋਂ ਸ਼ੁਰੂ ਹੁੰਦੀ ਹੈ ਜਿੱਥੇ ਬੱਚੇ ਦੀ ਸਮਝ ਪਹਿਲਾਂ ਹੀ ਮੌਜੂਦ ਹੁੰਦੀ ਹੈ। ਇਹ ਕਲਾਸਰੂਮ ਨੂੰ ਘਰ ਨਾਲ, ਗਿਆਨ ਨੂੰ ਤਜਰਬੇ ਨਾਲ ਅਤੇ ਸਿੱਖਣ ਨੂੰ ਆਤਮ-ਵਿਸ਼ਵਾਸ ਨਾਲ ਜੋੜਦੀ ਹੈ।

ਜਾਣ-ਪਛਾਣ ਵਾਲੀ ਭਾਸ਼ਾ ਵਿੱਚ ਸਿੱਖਣ ਵਾਲਾ ਬੱਚਾ ਕਿਸੇ ਛੋਟੀ ਦੁਨੀਆ ਲਈ ਤਿਆਰ ਨਹੀਂ ਹੋ ਰਿਹਾ ਹੁੰਦਾ। ਸਹੀ ਬਹੁ-ਭਾਸ਼ਾਈ ਸਹਾਇਤਾ ਨਾਲ ਉਹ ਮਜ਼ਬੂਤ ਨੀਂਹ ਤਿਆਰ ਕਰ ਸਕਦਾ ਹੈ ਅਤੇ ਹੌਲੀ-ਹੌਲੀ ਰਾਸ਼ਟਰੀ ਤੇ ਵਿਸ਼ਵ ਪੱਧਰੀ ਮੌਕਿਆਂ ਤੱਕ ਪਹੁੰਚ ਸਕਦਾ ਹੈ।

ਸਿੱਖਿਆ ਦਾ ਉਦੇਸ਼ ਸਿਰਫ਼ ਬੱਚਿਆਂ ਨੂੰ ਵਧੇਰੇ ਭਾਸ਼ਾਵਾਂ ਸਿਖਾਉਣਾ ਨਹੀਂ ਹੋਣਾ ਚਾਹੀਦਾ। ਇਸ ਦਾ ਉਦੇਸ਼ ਉਨ੍ਹਾਂ ਨੂੰ ਸਮਝਣ, ਸੋਚਣ, ਸਵਾਲ ਕਰਨ, ਸੰਚਾਰ ਕਰਨ ਅਤੇ ਸਾਰੀ ਉਮਰ ਸਿੱਖਦੇ ਰਹਿਣ ਦੇ ਯੋਗ ਬਣਾਉਣਾ ਹੋਣਾ ਚਾਹੀਦਾ ਹੈ।

ਜਦੋਂ ਸਿੱਖਿਆ ਦੀ ਸ਼ੁਰੂਆਤ ਸਮਝ ਤੋਂ ਹੁੰਦੀ ਹੈ, ਤਾਂ ਗਿਆਨ ਵੱਲ ਸਫ਼ਰ ਹੋਰ ਆਤਮ-ਵਿਸ਼ਵਾਸੀ, ਸਮਾਵੇਸ਼ੀ ਅਤੇ ਅਰਥਪੂਰਨ ਬਣ ਜਾਂਦਾ ਹੈ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ







web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


TAKE CONTROL
OF YOUR HEALTH
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing,
Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANY LAB TEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336


ELK GROVE
Thank You
ELK GROVE.
I am deeply grateful to the residents of Elk Grove for your incredible outpouring of love, support, and confidence.
I am truly honored to be running uncontested for re-election as your Mayor.
Together, we have made Elk Grove one of California's best places to live, and I look forward to continuing our work to keep our city safe, thriving, and strong.
ELK GROVE
BOBBIE
Singh-Allen
ELK GROVE MAYOR

ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਸ੍ਰੀ ਮੁਕਤਸਰ ਸਾਹਿਬ, ਪੰਜਾਬ
8427212104

# ਲੋਕ ਸੇਵਾ ਦੇ ਦਫ਼ਤਰਾਂ ਵਿੱਚ ਲੋਕ ਹੀ ਕਿਉਂ ਪਰੇਸ਼ਾਨ?

"ਲੋਕ ਸੇਵਾ ਦਫ਼ਤਰ" ਇਹ ਸ਼ਬਦ ਸੁਣਦਿਆਂ ਹੀ ਮਨ ਵਿੱਚ ਇੱਕ ਅਜਿਹੇ ਅਦਾਰੇ ਦੀ ਤਸਵੀਰ ਬਣਨੀ ਚਾਹੀਦੀ ਹੈ, ਜਿੱਥੇ ਆਮ ਨਾਗਰਿਕ ਨੂੰ ਉਸ ਦੇ ਹੱਕ, ਸੁਵਿਧਾਵਾਂ ਅਤੇ ਸਰਕਾਰੀ ਸੇਵਾਵਾਂ ਇੱਜ਼ਤ ਅਤੇ ਸਹੂਲਤ ਨਾਲ ਮਿਲਣ। ਪਰ ਅਸਲ ਹਕੀਕਤ ਕਈ ਵਾਰ ਇਸ ਦੇ ਬਿਲਕੁਲ ਉਲਟ ਨਜ਼ਰ ਆਉਂਦੀ ਹੈ। ਜਿਹੜੇ ਸਰਕਾਰੀ ਅਦਾਰੇ ਅਤੇ ਦਫ਼ਤਰ ਲੋਕਾਂ ਦੀ ਸੇਵਾ ਲਈ ਬਣੇ ਹਨ, ਉਨ੍ਹਾਂ ਵਿੱਚ ਹੀ ਆਮ ਲੋਕ ਸਭ ਤੋਂ ਵੱਧ ਖੱਜਲ-ਖੁਆਰ ਅਤੇ ਪਰੇਸ਼ਾਨ ਹੁੰਦੇ ਦਿਖਾਈ ਦਿੰਦੇ ਹਨ।

ਸਰਕਾਰੀ ਦਫ਼ਤਰ ਵਿੱਚ ਇੱਕ ਵਾਰ ਜਾਣ ਨਾਲ ਹੀ ਕੰਮ ਹੋ ਜਾਵੇ, ਇਹ ਗੱਲ ਹੁਣ ਸਿਰਫ਼ ਉਮੀਦ ਬਣ ਕੇ ਰਹਿ ਗਈ ਹੈ। ਕੋਈ ਛੋਟਾ ਜਿਹਾ ਦਸਤਾਵੇਜ਼ ਬਣਾਉਣਾ ਹੋਵੇ, ਕਿਸੇ ਸਰਕਾਰੀ ਸੇਵਾ ਲਈ ਅਰਜ਼ੀ ਦੇਣੀ ਹੋਵੇ ਜਾਂ ਕਿਸੇ ਪੁਰਾਣੇ ਕੰਮ ਦੀ ਜਾਣਕਾਰੀ ਲੈਣੀ ਹੋਵੇ, ਆਮ ਨਾਗਰਿਕ ਨੂੰ ਕਈ ਵਾਰ ਇਸ ਲਈ ਹਫ਼ਤਿਆਂ ਤੱਕ ਦਫ਼ਤਰਾਂ ਦੇ ਚੱਕਰ ਲਾਉਣੇ ਪੈਂਦੇ ਹਨ।

ਦੂਜੀ ਵੱਡੀ ਸਮੱਸਿਆ ਲੰਮੀਆਂ ਕਤਾਰਾਂ ਅਤੇ ਲੰਮੀ ਉਡੀਕ ਹੈ। ਲੋਕ ਸਵੇਰੇ ਆਪਣਾ ਸਾਰਾ ਕੰਮ ਛੱਡ ਕੇ ਸਮੇਂ ਤੋਂ ਪਹਿਲਾਂ ਦਫ਼ਤਰ ਪਹੁੰਚ ਜਾਂਦੇ ਹਨ ਕਿ ਚਲੋ, ਅੱਜ ਕੰਮ ਜਲਦੀ ਕਰਵਾ ਕੇ ਵਾਪਸ ਚਲੇ ਜਾਵਾਂਗੇ। ਪਰ ਉਡੀਕ ਕਰਦੀ ਉਸ ਕਤਾਰ ਵਿੱਚ ਬਜ਼ੁਰਗ ਖੜ੍ਹੇ ਹੁੰਦੇ ਹਨ, ਦਿਹਾੜੀ ਛੱਡ ਕੇ ਆਏ ਮਜ਼ਦੂਰ ਹੁੰਦੇ ਹਨ, ਬੱਚਿਆਂ ਨੂੰ ਗੋਦ ਵਿੱਚ ਚੁੱਕੀ ਖੜ੍ਹੀਆਂ ਮਾਵਾਂ ਹੁੰਦੀਆਂ ਹਨ ਅਤੇ ਆਪਣੇ ਛੋਟੇ-ਛੋਟੇ ਕੰਮਾਂ ਲਈ ਭਟਕਦੇ ਨੌਜਵਾਨ ਖੜ੍ਹੇ ਹੁੰਦੇ ਹਨ। ਨਾ ਉਨ੍ਹਾਂ ਥਾਵਾਂ 'ਤੇ ਬੈਠਣ ਦੀ ਢੁਕਵੀਂ ਸਹੂਲਤ ਹੁੰਦੀ ਹੈ, ਨਾ ਪੀਣ ਵਾਲੇ ਪਾਣੀ ਦਾ ਪ੍ਰਬੰਧ ਅਤੇ ਨਾ ਹੀ ਧੁੱਪ ਤੋਂ ਬਚਣ ਲਈ ਛਾਂ ਦੀ ਸਹੂਲਤ। ਲੋਕ ਭੁੱਖੇ-ਪਿਆਸੇ ਕਈ ਘੰਟਿਆਂ ਤੱਕ ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਹਨ। ਇੰਨੀ ਉਡੀਕ ਤੋਂ ਬਾਅਦ ਵੀ ਜਦੋਂ ਵਾਰੀ ਆਉਂਦੀ ਹੈ ਤਾਂ ਕਦੇ ਇਹ ਬਹਾਨੇ ਸੁਣਨ ਨੂੰ ਮਿਲਦੇ ਹਨ ਸਰਵਰ ਹੌਲੀ ਹੈ, ਸਰਵਰ ਬੰਦ ਹੈ, ਕੰਪਿਊਟਰ ਵਿੱਚ ਸਮੱਸਿਆ ਹੈ ਜਾਂ ਕੋਈ ਕਾਗਜ਼ ਜਾਂ ਦਸਤਾਵੇਜ਼ ਘੱਟ ਹੈ। ਫਿਰ ਉਨ੍ਹਾਂ ਨੂੰ "ਕੱਲ੍ਹ ਆ ਜਾਇਓ" ਕਹਿ ਕੇ ਵਾਪਸ ਭੇਜ ਦਿੱਤਾ ਜਾਂਦਾ ਹੈ।

ਪਰ ਇਸ ਤੋਂ ਵੀ ਵੱਧ ਦੁਖਦਾਈ ਗੱਲ ਸਰਕਾਰੀ ਮੁਲਾਜ਼ਮਾਂ ਦੀ ਬੋਲ-ਬਾਣੀ ਅਤੇ ਵਿਵਹਾਰ ਹੁੰਦੀ ਹੈ। ਲੋਕ ਸੇਵਾ ਕਰਨ ਵਾਲੀ ਥਾਂ 'ਤੇ ਲੋਕਾਂ ਨਾਲ ਸਤਿਕਾਰ ਨਾਲ ਗੱਲ ਕਰਨੀ ਮੁੱਢਲੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਪਰ ਕਈ ਵਾਰ ਨਾ ਉਮਰ ਦਾ ਲਿਹਾਜ਼ ਕੀਤਾ ਜਾਂਦਾ ਹੈ ਅਤੇ ਨਾ ਸਾਹਮਣੇ ਖੜ੍ਹੇ ਵਿਅਕਤੀ ਦੀ ਮਜਬੂਰੀ ਦਾ। ਬਜ਼ੁਰਗ ਹੋਵੇ ਜਾਂ ਨੌਜਵਾਨ, ਮਜ਼ਦੂਰ ਹੋਵੇ ਜਾਂ ਕੋਈ ਪੜ੍ਹਿਆ-ਲਿਖਿਆ ਵਿਅਕਤੀ ਕਈ ਵਾਰ ਅਜਿਹੀ ਰੁੱਖੀ ਬੋਲੀ ਸੁਣਨ ਨੂੰ ਮਿਲਦੀ ਹੈ ਕਿ ਵਿਅਕਤੀ ਰੋਣਹੱਕਾ ਹੋ ਜਾਂਦਾ ਹੈ।

ਕਈ ਥਾਵਾਂ 'ਤੇ ਇਹ ਵੀ ਅੱਖੀਂ ਵੇਖਣ ਨੂੰ ਮਿਲਦਾ ਹੈ ਕਿ ਲੋਕ ਆਪਣੀ ਵਾਰੀ ਦੀ ਉਡੀਕ ਵਿੱਚ ਬੈਠੇ ਹੁੰਦੇ ਹਨ, ਜਦਕਿ ਕੁਝ ਕਰਮਚਾਰੀ ਮੋਬਾਈਲ ਫ਼ੋਨ ਵਿੱਚ ਰੁੱਝੇ ਹੁੰਦੇ ਹਨ ਜਾਂ ਆਪਣੇ ਸਾਥੀਆਂ ਨਾਲ ਗੱਲਬਾਤ ਵਿੱਚ ਵਿਅਸਤ ਰਹਿੰਦੇ ਹਨ। ਜਦੋਂ ਉਨ੍ਹਾਂ ਨੂੰ ਜਲਦੀ ਕੰਮ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਬੁਰੇ ਢੰਗ ਨਾਲ ਜਵਾਬ ਦਿੰਦੇ ਹਨ ਅਤੇ ਖਿਝ ਕੇ ਕਾਗਜ਼ਾਂ ਵਿੱਚ ਕੋਈ ਨਾ ਕੋਈ ਨੁਕਸ ਕੱਢ ਦਿੰਦੇ ਹਨ ਜਾਂ ਫਿਰ ਜਾਣਬੁੱਝ ਕੇ ਖੱਜਲ ਕਰਦੇ ਹਨ।

ਇਸ ਖੱਜਲ-ਖੁਆਰੀ ਤੋਂ ਡਰਦੇ ਲੋਕ ਦਫ਼ਤਰ ਜਾਣ ਤੋਂ ਪਹਿਲਾਂ ਹੀ ਬਾਹਰ ਬੈਠੇ ਕੈਫ਼ੇ ਵਾਲਿਆਂ ਕੋਲ ਜਾ ਕੇ ਆਪਣੀਆਂ ਫ਼ਾਈਲਾਂ ਤਿਆਰ ਕਰਵਾਉਂਦੇ ਹਨ। ਇਥੇ ਉਹਨਾਂ ਨੂੰ ਫੋਟੋਕਾਪੀਆਂ, ਕਾਗਜ਼ਾਂ ਅਤੇ ਫ਼ਾਈਲਾਂ ਤਿਆਰ ਕਰਵਾਉਣ ਦਾ ਵਾਧੂ ਖ਼ਰਚਾ ਪੈ ਜਾਂਦਾ ਹੈ। ਜਿਹੜਾ ਸਰਟੀਫ਼ਿਕੇਟ ਜਾਂ ਕਾਗਜ਼ ਮੁਫ਼ਤ ਜਾਂ ਨਾਮਾਤਰ ਫ਼ੀਸ 'ਤੇ ਬਣਨਾ ਹੁੰਦਾ ਹੈ, ਉਸ ਲਈ ਵੀ ਆਮ ਨਾਗਰਿਕ ਨੂੰ 500 ਤੋਂ 1000 ਰੁਪਏ ਤੱਕ ਖ਼ਰਚਣੇ ਪੈਂਦੇ ਹਨ ਅਤੇ ਉਸ ਤੋਂ ਬਾਅਦ ਵੀ ਕੰਮ ਬਣਨ ਦੀ ਕੋਈ ਪੱਕੀ ਗਾਰੰਟੀ ਨਹੀਂ ਹੁੰਦੀ।

ਇਸ ਤੋਂ ਇਲਾਵਾ, ਕਈ ਦਫ਼ਤਰਾਂ ਦੇ ਬਾਹਰ ਵਿਚੋਲਿਆਂ ਅਤੇ ਏਜੰਟਾਂ ਦਾ ਜਾਲ ਵੀ ਨਜ਼ਰ ਆਉਂਦਾ ਹੈ। ਜਿਹੜਾ ਵਿਅਕਤੀ ਏਜੰਟ ਦੀ ਜੇਬ ਭਰਦਾ ਹੈ, ਉਸ ਦਾ ਕੰਮ ਕਈ ਵਾਰ ਬਿਨਾਂ ਲਾਈਨ ਵਿੱਚ ਲੱਗੇ ਜਲਦੀ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਸਭ ਤੋਂ ਵੱਧ ਮਾਰ ਆਮ ਅਤੇ ਗਰੀਬ ਨਾਗਰਿਕ 'ਤੇ ਪੈਂਦੀ ਹੈ, ਜੋ ਮਸਾਂ ਕਿਰਾਇਆ ਲਾ ਕੇ ਜਾਂ ਦੂਰੋਂ ਆਪਣਾ ਕੰਮ ਛੱਡ ਕੇ ਆਉਂਦਾ ਹੈ, ਪਰ ਅੰਤ ਵਿੱਚ ਉਸ ਦੇ ਹੱਥ ਸਿਰਫ਼ ਨਿਰਾਸ਼ਾ ਅਤੇ ਧੱਕੇ ਹੀ ਲੱਗਦੇ ਹਨ।


ਇਸੇ ਕਰਕੇ ਹੁਣ ਕਈ ਲੋਕ ਸੇਵਾ ਕੇਂਦਰਾਂ ਜਾਂ ਹੋਰ ਸਰਕਾਰੀ ਦਫ਼ਤਰਾਂ ਵਿੱਚ ਜਾਣ ਤੋਂ ਵੀ ਹਿਚਕਚਾਉਣ ਲੱਗ ਪਏ ਹਨ। ਉਨ੍ਹਾਂ ਦੇ ਮਨ ਵਿੱਚ ਪਹਿਲਾਂ ਹੀ ਡਰ ਹੁੰਦਾ ਹੈ ਪਤਾ ਨਹੀਂ ਅੱਜ ਕੰਮ ਹੋਵੇਗਾ ਜਾਂ ਨਹੀਂ, ਪਤਾ ਨਹੀਂ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ ਅਤੇ ਪਤਾ ਨਹੀਂ ਕਿਹੜਾ ਨਵਾਂ ਕਾਗਜ਼ ਮੰਗ ਲਿਆ ਜਾਵੇਗਾ।ਪਰ ਸਾਰੀਆਂ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਕਈ ਸਰਕਾਰੀ ਕਰਮਚਾਰੀ ਅਜਿਹੇ ਵੀ ਹਨ ਜੋ ਬਹੁਤ ਮਿੱਠੇ ਸੁਭਾਅ ਨਾਲ ਲੋਕਾਂ ਦੀ ਗੱਲ ਸੁਣਦੇ ਹਨ, ਉਨ੍ਹਾਂ ਦੀ ਸਮੱਸਿਆ ਸਮਝਦੇ ਹਨ ਅਤੇ ਜਿੰਨੀ ਜਲਦੀ ਹੋ ਸਕੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਲੋਕਾਂ ਨਾਲ ਇੱਜ਼ਤ ਨਾਲ ਪੇਸ਼ ਆਉਂਦੇ ਹਨ ਅਤੇ ਬਿਨਾਂ ਕਿਸੇ ਲਾਲਚ ਦੇ ਉਨ੍ਹਾਂ ਦੀ ਮਦਦ ਕਰਦੇ ਹਨ। ਅਜਿਹੇ ਕਰਮਚਾਰੀ ਸੱਚਮੁੱਚ ਸਰਕਾਰੀ ਸੇਵਾ ਦੀ ਚੰਗੀ ਮਿਸਾਲ ਹਨ। ਪਰ ਅਜਿਹੇ ਵਿਵਹਾਰ ਦੀ ਲੋੜ ਹਰ ਸਰਕਾਰੀ ਦਫ਼ਤਰ ਵਿੱਚ ਹੈ, ਨਾ ਕਿ ਸਿਰਫ਼ ਕੁਝ ਥਾਵਾਂ 'ਤੇ।

ਸਰਕਾਰੀ ਕੁਰਸੀ ਜਾਂ ਨੌਕਰੀ ਮਿਲ ਜਾਣ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਕੋਈ ਕਰਮਚਾਰੀ ਆਪਣੀ ਮਨਮਰਜ਼ੀ ਕਰੇ ਜਾਂ ਆਮ ਲੋਕਾਂ ਨਾਲ ਰੁੱਖੇਪਣ ਨਾਲ ਪੇਸ਼ ਆਵੇ। ਅਸਲ ਵਿੱਚ ਸਰਕਾਰੀ ਨੌਕਰੀ ਮਿਲਣ ਤੋਂ ਬਾਅਦ ਤਾਂ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਸਰਕਾਰੀ ਦਫ਼ਤਰ ਵਿੱਚ ਆਉਣ ਵਾਲਾ ਹਰ ਨਾਗਰਿਕ ਆਪਣੇ ਕਿਸੇ ਕੰਮ, ਹੱਕ ਜਾਂ ਲੋੜ ਲਈ ਉੱਥੇ ਪਹੁੰਚਦਾ ਹੈ। ਸਰਕਾਰੀ ਮੁਲਾਜ਼ਮਾਂ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਕਈ ਵਾਰ ਉਹ ਖ਼ੁਦ ਵੀ ਇਸੇ ਪ੍ਰਣਾਲੀ ਵਿੱਚੋਂ ਆਮ ਨਾਗਰਿਕ ਬਣ ਕੇ ਲੰਘੇ ਹੁੰਦੇ ਹਨ। ਜਿਸ ਮੁਸ਼ਕਲ, ਉਡੀਕ ਜਾਂ ਪਰੇਸ਼ਾਨੀ ਦਾ ਸਾਹਮਣਾ ਇੱਕ ਆਮ ਵਿਅਕਤੀ ਕਰਦਾ ਹੈ, ਉਹ ਉਸਨੂੰ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਲਈ ਆਪਣਾ ਕੰਮ ਬਿਨਾਂ ਲੜਾਈ-ਝਗੜੇ, ਬਿਨਾਂ ਲਾਰੇ-ਲੱਪੇ ਅਤੇ ਮਿੱਠੇ ਬੋਲਾਂ ਨਾਲ ਕਰਨਾ ਹੀ ਇੱਕ ਚੰਗੇ ਸਰਕਾਰੀ ਮੁਲਾਜ਼ਮ ਦੀ ਪਹਿਚਾਣ ਹੋਣੀ ਚਾਹੀਦੀ ਹੈ।

ਇਸ ਦੇ ਨਾਲ-ਨਾਲ ਦਫ਼ਤਰ ਵਿੱਚ ਮੌਜੂਦ ਸੀਨੀਅਰ ਅਧਿਕਾਰੀਆਂ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਨੂੰ ਆਪਣੇ ਸਹਿਕਰਮੀਆਂ ਦੇ ਵਿਵਹਾਰ ਅਤੇ ਕੰਮ ਕਰਨ ਦੇ ਢੰਗ ਵੱਲ ਧਿਆਨ ਦੇਣਾ ਚਾਹੀਦਾ ਹੈ। ਜੇ ਕੋਈ ਨਾਗਰਿਕ ਬਿਨਾਂ ਵਜ੍ਹਾ ਪਰੇਸ਼ਾਨ ਹੋ ਰਿਹਾ ਹੈ, ਉਸਨੂੰ ਵਾਰ-ਵਾਰ ਦਫ਼ਤਰ ਦੇ ਚੱਕਰ ਲਗਵਾਏ ਜਾ ਰਹੇ ਹਨ ਜਾਂ ਉਸ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ ਤਾਂ ਸੀਨੀਅਰ ਅਧਿਕਾਰੀਆਂ ਨੂੰ ਸਿਰਫ਼ ਦੇਖਦੇ ਰਹਿਣ ਦੀ ਬਜਾਏ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ।

ਸਰਕਾਰ ਨੂੰ ਵੀ ਇਸ ਪਾਸੇ ਗੰਭੀਰ ਧਿਆਨ ਦੇਣ ਦੀ ਲੋੜ ਹੈ। ਹਰ ਸਰਕਾਰੀ ਦਫ਼ਤਰ ਅਤੇ ਲੋਕ ਸੇਵਾ ਕੇਂਦਰ ਵਿੱਚ ਲੋਕਾਂ ਲਈ ਪੀਣ ਵਾਲੇ ਪਾਣੀ, ਬੈਠਣ ਅਤੇ ਛਾਂ ਵਰਗੀਆਂ ਮੁੱਢਲੀਆਂ ਸਹੂਲਤਾਂ ਦਾ ਢੁਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ। ਲੋਕਾਂ ਨੂੰ ਘੰਟਿਆਂਬੱਧੀ ਕਤਾਰਾਂ ਵਿੱਚ ਖੜ੍ਹੇ ਰਹਿਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਲੋੜ ਅਨੁਸਾਰ ਸਮੇਂ ਸਿਰ ਭਰਤੀ ਕੀਤੀ ਜਾਵੇ, ਤਾਂ ਜੋ ਦਫ਼ਤਰਾਂ ਵਿੱਚ ਕਰਮਚਾਰੀਆਂ ਦੀ ਘਾਟ ਦੂਰ ਹੋਵੇ, ਕੰਮ ਦੀ ਰਫ਼ਤਾਰ ਵਧੇ ਅਤੇ ਲੋਕਾਂ ਨੂੰ ਲੰਮੀਆਂ ਕਤਾਰਾਂ ਤੇ ਬੇਲੋੜੀ ਉਡੀਕ ਤੋਂ ਰਾਹਤ ਮਿਲ ਸਕੇ।

ਇਸ ਦੇ ਨਾਲ ਸਰਕਾਰੀ ਅਦਾਰਿਆਂ ਵਿੱਚ ਆਧੁਨਿਕ ਤਕਨੀਕੀ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਸਰਵਰ ਹੌਲੀ ਹੋਣ, ਵਾਰ-ਵਾਰ ਬੰਦ ਹੋਣ ਜਾਂ ਕਿਸੇ ਤਕਨੀਕੀ ਸਮੱਸਿਆ ਕਾਰਨ ਲੋਕਾਂ ਨੂੰ ਵਾਰ-ਵਾਰ ਦਫ਼ਤਰਾਂ ਦੇ ਗੇੜੇ ਨਾ ਲਗਾਉਣੇ ਪੈਣ। ਜੇ ਸੇਵਾਵਾਂ ਨੂੰ ਆਨਲਾਈਨ ਕੀਤਾ ਗਿਆ ਹੈ ਤਾਂ ਉਨ੍ਹਾਂ ਲਈ ਭਰੋਸੇਯੋਗ ਅਤੇ ਨਿਰਵਿਘਨ ਤਕਨੀਕੀ ਪ੍ਰਬੰਧ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਆਧੁਨਿਕ ਸਹੂਲਤਾਂ ਦਾ ਮਕਸਦ ਲੋਕਾਂ ਦਾ ਕੰਮ ਆਸਾਨ ਕਰਨਾ ਹੈ, ਨਾ ਕਿ ਨਵੀਂ ਕਿਸਮ ਦੀ ਪਰੇਸ਼ਾਨੀ ਪੈਦਾ ਕਰਨਾ। ਇਸ ਤੋਂ ਇਲਾਵਾ ਜਿੱਥੇ ਕੋਈ ਵਿਅਕਤੀ ਰਿਸ਼ਵਤ ਲੈਂਦਾ ਹੈ, ਉਸ 'ਤੇ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਜੋ ਆਮ ਨਾਗਰਿਕ ਨੂੰ ਇਹ ਮਹਿਸੂਸ ਨਾ ਹੋਵੇ ਕਿ ਬਿਨਾਂ ਪੈਸੇ ਜਾਂ ਸਿਫ਼ਾਰਸ਼ ਦੇ ਉਸ ਦਾ ਕੰਮ ਹੋਣਾ ਮੁਸ਼ਕਲ ਹੈ। ਸਰਕਾਰੀ ਸੇਵਾ ਦਾ ਅਸਲ ਫ਼ਰਜ਼ ਇਹ ਹੋਣਾ ਚਾਹੀਦਾ ਹੈ ਕਿ ਹਰ ਨਾਗਰਿਕ ਨੂੰ ਉਸ ਦਾ ਕੰਮ ਇਮਾਨਦਾਰੀ, ਸਤਿਕਾਰ ਅਤੇ ਸਮੇਂ ਸਿਰ ਮਿਲੇ।










RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN
LAW GROUP INC.

# Ghuman Law Group

ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ

ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਬਰਜਿੰਦਰ ਕੌਰ ਬਿਸਰਾਓ
99889-01324

# ਉਮਰਾਂ ਦੇ ਸੌਦੇ

ਪੰਮੀ ਨਿੱਕੇ ਹੁੰਦਿਆਂ ਜਦੋਂ ਸਕੂਲ ਤੋਂ ਘਰ ਆਉਂਦੀ ਹੁੰਦੀ ਸੀ ਤਾਂ ਕਈ ਵਾਰ ਉਸ ਦੀ ਭੂਆ ਆਪਣੇ ਸਹੁਰਿਆਂ ਤੋਂ ਆਪਣੇ ਨਿੱਕੇ ਨਿੱਕੇ ਦੋ ਜੌੜੇ ਜਵਾਕਾਂ ਨਾਲ਼ ਉਨ੍ਹਾਂ ਦੇ ਘਰੇ ਆਈ ਹੁੰਦੀ ਸੀ। ਭੂਆ ਨੂੰ ਦੇਖ਼ ਕੇ ਉਸ ਨੂੰ ਚਾਅ ਜਿਹਾ ਚੜ੍ਹ ਜਾਣਾ। ਉਸ ਨੇ ਆਪਣਾ ਬਸਤਾ ਇੱਕ ਪਾਸੇ ਰੱਖ ਕੇ ਆਪਣੀ ਭੂਆ ਦੇ ਤਿੰਨ ਸਾਲ ਦੇ ਜੌੜੇ ਮੁੰਡਿਆਂ ਨਾਲ਼ ਖੇਡ ਪੈ ਜਾਣਾ। ਉਸ ਦੀ ਮਾਂ ਨੇ ਉਸ ਨੂੰ ਬਥੇਰਾ ਕਹਿਣਾ,"ਨੀ ਪੰਮੀਏ! ਤੂੰ ਪਹਿਲਾਂ ਆਪਣੀ ਵਰਦੀ ਬਦਲ ਲੈ...ਭੁੱਖ ਲੱਗੀ ਹੋਣੀ ਆ...ਰੋਟੀ ਖਾ ਲੈ.... ਬਾਅਦ 'ਚ ਖੇਡੀ ਜਾਈਂ...ਤੇਰੀ ਭੂਆ ਹੁਣ ਚਾਰ ਦਿਨ ਇੱਥੇ ਈ ਆ....!" ਪਰ ਪੰਮੀ ਨੂੰ ਚਾਅ ਈ ਐਨਾ ਹੁੰਦਾ ਸੀ ਆਪਣੇ ਭੂਆ ਦੇ ਪੁੱਤਾਂ ਨਾਲ਼ ਖੇਡਣ ਦਾ। ਜਦ ਉਹ ਸੌਂ ਜਾਂਦੇ ਤਾਂ ਉਹ ਆਪਣੀ ਮਾਂ ਦਾ ਕਿਹਾ ਮੰਨਦੀ ਤੇ ਵਰਦੀ ਬਦਲ ਕੇ ਰੋਟੀ ਖਾਂਦੀ। ਪੰਮੀ ਸੱਤ ਵਰ੍ਹਿਆਂ ਦੀ ਹੋ ਗਈ ਸੀ। ਪਹਿਲਾਂ ਉਹ ਆਪਣੀ ਭੂਆ ਨੂੰ ਫੁੱਫੜ ਨਾਲ਼ ਮੋਟਰਸਾਈਕਲ ਤੇ ਆਉਂਦਾ ਦੇਖਦੀ ਹੁੰਦੀ ਸੀ। ਜਦੋਂ ਤੋਂ ਉਸ ਦੇ ਫੁੱਫੜ ਦੀ ਬੱਸ ਨਾਲ਼ ਐਕਸੀਡੈਂਟ ਹੋਣ ਕਰਕੇ ਮੌਤ ਹੋ ਗਈ ਸੀ ਉਦੋਂ ਤੋਂ ਉਸ ਦਾ ਬਾਪੂ ਹੀ ਸਕੂਟਰ ਤੇ ਜਾ ਕੇ ਭੂਆ ਨੂੰ ਆਪਣੇ ਕੋਲ਼ ਰਹਿਣ ਲਈ ਲੈ ਕੇ ਆਉਂਦਾ ਹੁੰਦਾ ਸੀ। ਜਦੋਂ ਫੁੱਫੜ ਦੀ ਮੌਤ ਹੋਈ ਸੀ ਤਾਂ ਇਹਨਾਂ ਦੇ ਘਰੇ ਵੀ ਰੋਣ ਧੋਣ, ਮਕਾਣਾਂ ਤੇ ਲੋਕਾਂ ਦਾ ਅਫਸੋਸ ਕਰਨ ਲਈ ਆਉਣਾ ਉਸ ਦੇ ਬਾਲ ਮਨ ਨੂੰ ਹਲੂਣ ਕੇ ਰੱਖ ਦਿੰਦਾ ਸੀ। ਅਕਸਰ ਬੁੜੀਆਂ ਨੇ ਜਦ ਕੀਰਨੇ ਪਾਉਣੋਂ ਹਟਣਾ ਤਾਂ ਗੱਲਾਂ ਕਰਨੀਆਂ," ....ਕੀ ਉਮਰ ਆ ਵਿਚਾਰੀ ਦੀ...ਹਜੇ ਤਾਂ ਕੁਛ ਹੰਢਾ ਕੇ ਵੀ ਨੀ ਦੇਖਿਆ ਸੀ...!" ਵਿੱਚੋਂ ਈ ਕਿਸੇ ਹੋਰ ਨੇ ਬੋਲਣਾ,"... ਦੁੱਧ ਚੁੰਘਦੇ ਦੋ ਨਿੱਕੇ ਨਿੱਕੇ ਜਵਾਕ ਨੇ.... ਮਾਂ ਦੇ ਹੌਂਕੇ ਨਾਲ਼ ਉਨ੍ਹਾਂ ਦੇ ਢਿੱਡ ਚ ਵੀ ਹੌਂਕਾ ਜਾਊ...!" ਵਿੱਚੋਂ ਈ ਕਿਸੇ ਹੋਰ ਨੇ ਬੋਲਣਾ,".... ਮਾਪਿਆਂ ਦਾ ਕੱਲਾ ਕੱਲਾ ਪੁੱਤ ਸੀ...ਲਟੈਣ ਵਰਗਾ....ਨਾ ਕੋਈ ਹੋਰ ਭੈਣ ਨਾ ਭਰਾ.... ਨਹੀਂ ਤਾਂ ਬੰਦਾ ਸੋਚ ਲੈਂਦਾ ਕਿਸੇ ਦੇ ਸਿਰ ਧਰ ਦਿੰਦੇ....!" ਪੰਮੀ ਕੋਲ਼ ਦਰੀ ਤੇ ਬੈਠੀ,ਸਹਿਮੀ ਹੋਈ ਇਹ ਸਭ ਕੁਝ ਸੁਣ ਰਹੀ ਹੁੰਦੀ। ਉਸ ਦੀ ਮਾਂ ਬੁੜੀਆਂ ਨੂੰ ਜਵਾਬ ਦਿੰਦੀ,".... ਇਹ ਰਿਸ਼ਤੇ ਕਿਹੜਾ ਇੱਕ ਦੋ ਦਿਨ ਦੇ ਰਿਸ਼ਤੇ ਹੁੰਦੇ ਨੇ.....ਇਹ ਤਾਂ ਉਮਰਾਂ ਦੇ ਸੌਦੇ ਹੁੰਦੇ ਨੇ.... ਕੋਈ ਨਾ ਰੱਬ ਨੇ ਉਹਦੀਆਂ ਦੋ ਨਿਸ਼ਾਨੀਆਂ ਦੇ ਦਿੱਤੀਆਂ ਨੇ.... ਓਹਨਾਂ ਦੇ ਸਹਾਰੇ ਜ਼ਿੰਦਗੀ ਨਿੱਕਲ ਜਾਊ.... ਜਿੰਨਾਂ ਸਾਡਾ ਸਰਦਾ... ਅਸੀਂ ਕੁੜੀ ਦਾ ਸਾਥ ਨਿਭਾਵਾਂਗੇ.... ਅਸੀਂ ਕੁੜੀ ਤੇ ਓਹਦੇ ਜਵਾਕਾਂ ਨੂੰ ਰੁਲਣ ਨੀ ਦਿੰਦੇ....ਨਾ ਅਸੀਂ ਰੁ਼ਲਣ ਦੇਈਏ ਓਹਦੇ ਮਾਂ ਪਿਓ ਨੂੰ....!"

ਪੰਮੀ ਦੀ ਭੂਆ ਦਾ ਪਿੰਡ ਦੋ ਕੁ ਪਿੰਡ ਛੱਡ ਕੇ ਈ ਸੀ।ਪੰਮੀ ਦਾ ਫੁੱਫੜ ਮਾਪਿਆਂ ਦਾ ਇਕਲੌਤਾ ਪੁੱਤ ਸੀ ਤੇ ਜ਼ਮੀਨ ਵੀ ਬਾਰਾਂ ਕੀਲੇ ਸੀ। ਪੰਮੀ ਦੇ ਬਾਪੂ ਨੇ ਸੱਤ ਕੀਲੇ ਜ਼ਮੀਨ ਠੇਕੇ ਤੇ ਦਵਾ ਦਿੱਤੀ ਸੀ ਤੇ ਪੰਜ ਕੀਲਿਆਂ ਵਿੱਚ ਆਪਣੇ ਸੀਰੀ ਲਿਜਾ ਕੇ ਵਾਹੀ ਕਰ ਕੇ ਫ਼ਸਲ ਬੀਜ ਤੇ ਕਟਾ ਆਉਂਦਾ ਸੀ। ਅੱਗੋਂ ਪਿੱਛੋਂ ਭੂਆ ਦਾ ਸਹੁਰਾ ਜ਼ਮੀਨ ਤੇ ਫ਼ਸਲ ਦੀ ਦੇਖਭਾਲ ਕਰਦਾ ਰਹਿੰਦਾ ਸੀ।ਇਸ ਤਰ੍ਹਾਂ ਘਰ ਦੇ ਦਾਣੇ ਤੇ ਸਬਜ਼ੀਆਂ ਵਗੈਰਾ ਵੀ ਹੋ ਜਾਂਦੀਆਂ ਸਨ ਤੇ ਪੈਸੇ ਧੇਲੇ ਦੀ ਵੀ ਕੋਈ ਕਮੀ ਨਹੀਂ ਸੀ ,ਕਮੀ ਸੀ ਤਾਂ ਉਸ ਘਰ ਦੇ ਸਰੂ ਵਰਗੇ ਪੁੱਤ ਦੀ। ਜਦ ਪੰਮੀ ਦੀ ਭੂਆ ਦੇ ਮੁੰਡੇ ਸਕੂਲ ਲਾਉਣ ਜਿੱਡੇ ਹੋਏ ਤਾਂ ਉਨ੍ਹਾਂ ਨੂੰ ਵੀ ਪੰਮੀ ਵਾ਼ਲੇ ਸਕੂਲ ਈ ਲਾ ਦਿੱਤਾ ਸੀ। ਜਿਸ ਸਕੂਲ ਵਿੱਚ ਪੰਮੀ ਪੜ੍ਹਦੀ ਸੀ ਉਸੇ ਸਕੂਲ ਦੀ ਬੱਸ ਪੰਮੀ ਦੇ ਭੂਆ ਦੇ ਸਹੁਰਿਆਂ ਦੇ ਪਿੰਡ ਵਿਚੋਂ ਦੀ ਵੀ ਲੰਘਦੀ ਸੀ। ਪੰਮੀ ਦਾ ਬਾਪੂ ਹੀ ਉਸ ਦੇ ਦੋਵੇਂ ਜਵਾਕਾਂ ਨੂੰ ਸਕੂਲ ਵਿੱਚ ਦਾਖ਼ਲ ਕਰਵਾ ਕੇ ਆਇਆ ਸੀ। ਸਕੂਲ ਵਿੱਚ ਜ਼ਿਆਦਾਤਰ ਬੱਚੇ ਤੇ ਅਧਿਆਪਕ ਉਨ੍ਹਾਂ ਨੂੰ ਸਕੇ ਭੈਣ ਭਰਾ ਹੀ ਸਮਝਦੇ ਸਨ। ਇਸ ਤਰ੍ਹਾਂ ਪੰਮੀ ਦੀ ਭੂਆ ਦੀ ਜ਼ਿੰਦਗੀ ਆਪਣੇ ਭਰਾ ਭਰਜਾਈ ਦੇ ਸਿਰ 'ਤੇ ਵਧੀਆ ਨਿਕਲ ਰਹੀ ਸੀ। ਉਹ ਆਪਣੇ ਸੱਸ ਸਹੁਰੇ ਦਾ ਧਿਆਨ ਵੀ ਇਸ ਤਰ੍ਹਾਂ ਰੱਖਦੀ ਕਿ ਉਨ੍ਹਾਂ ਨੂੰ ਆਪਣੇ ਪੁੱਤ ਦੀ ਕਮੀ ਨਾ ਮਹਿਸੂਸ ਹੋਏ। ਅਸਲ ਵਿੱਚ ਇਸ ਸਭ ਕੁਝ ਵਿੱਚੋਂ ਪੰਮੀ ਦੀ ਮਾਂ ਤੇ ਬਾਪੂ ਦੀ ਸਿਆਣਪ ਝਲਕਦੀ ਸੀ।

ਪੰਮੀ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸੀ। ਉਹ ਪੜ੍ਹਾਈ ਵਿੱਚ ਵੀ ਬਹੁਤ ਹੁਸ਼ਿਆਰ ਸੀ। ਉਸ ਨੇ ਕਦੇ ਵੀ ਆਪਣੇ ਮਾਪਿਆਂ ਨੂੰ ਮੁੰਡੇ ਲਈ ਝੂਰਦੇ ਨਹੀਂ ਦੇਖਿਆ ਸੀ। ਪੰਮੀ ਆਪਣੇ ਮਾਂ ਬਾਪ ਲਈ ਸਭ ਕੁਝ ਸੀ। ਉਨ੍ਹਾਂ ਦੀਆਂ ਖੁਸ਼ੀਆਂ ਪੰਮੀ ਵਿੱਚ ਹੀ ਵਸਦੀਆਂ ਸਨ। ਉਹ ਆਪਣੇ ਘਰ ਪਰਿਵਾਰ ਵਿੱਚ ਇਹੋ ਜਿਹੇ ਮਾਹੌਲ ਵਿੱਚ ਪ਼ਲ ਰਹੀ ਸੀ ਜਿੱਥੇ ਰਿਸ਼ਤੇ ਇਕੱਲੇ ਨਿਭਾਏ ਨਹੀਂ ਸਗੋਂ ਰਿਸ਼ਤਿਆਂ ਨੂੰ ਜਿਊਂਦੇ ਰੱਖਿਆ ਜਾਂਦਾ ਹੈ। ਉਹ ਆਪਣੇ ਦੋਵੇਂ ਛੋਟੇ ਭਰਾਵਾਂ ਨੂੰ ਬਹੁਤ ਪਿਆਰ ਕਰਦੀ ਸੀ। ਪੰਮੀ ਆਪਣੀ ਪੜ੍ਹਾਈ ਪੂਰੀ ਕਰਕੇ ਫੌਜ ਵਿੱਚ ਅਫ਼ਸਰ ਭਰਤੀ ਹੋ ਗਈ ਸੀ। ਉੱਧਰ ਉਸ ਦੇ ਭੂਆ ਦੇ ਦੋਵੇਂ ਪੁੱਤ ਵੀ ਕਾਲਜ ਵਿੱਚ ਪੜ੍ਹਨ ਲੱਗ ਪਏ ਸਨ। ਇੱਕ ਨੇ ਤਾਂ ਪਿੰਡ ਹੀ ਨਵੀਂ ਤਕਨੀਕ ਨਾਲ ਖੇਤੀ ਕਰਨ ਦਾ ਫ਼ੈਸਲਾ ਲੈ ਲਿਆ ਸੀ ਤੇ ਦੂਜਾ ਕਨੇਡਾ ਚਲਾ ਗਿਆ ਸੀ। ਇਸ ਤਰ੍ਹਾਂ ਪੰਮੀ ਦੇ ਮਾਂ ਬਾਪੂ ਦੀਆਂ ਜ਼ਿੰਮੇਵਾਰੀਆਂ ਦਾ ਬੋਝ ਕਾਫ਼ੀ ਹੱਦ ਤੱਕ ਘਟ ਗਿਆ ਸੀ।

ਪੰਮੀ ਜਦੋਂ ਫੌਜ ਵਿੱਚੋਂ ਛੁੱਟੀ ਆਉਂਦੀ ਤਾਂ ਉਸ ਦੇ ਮਾਂ ਬਾਪੂ ਵਿਆਹ ਦੀ ਗੱਲ ਕਰਦੇ ਤਾਂ ਉਹ ਕਹਿ ਦਿੰਦੀ ਕਿ ਕੋਈ ਨਾ ਜੇ ਕੋਈ ਚੰਗਾ ਮੁੰਡਾ ਹੋਇਆ ਤਾਂ ਦੇਖ ਲਿਓ। ਉਸ ਦੇ ਮਾਪੇ ਕਈ ਮੁੰਡੇ ਦੇਖਦੇ ਪਰ ਕੋਈ ਸਹੀ ਨਾ ਲੱਗਦਾ। ਇਸ ਵਾਰ ਜਦ ਪੰਮੀ ਛੁੱਟੀ ਆਈ ਤਾਂ ਉਸ ਨੇ ਆਪਣੇ ਨਾਲ ਹੀ ਫ਼ੌਜੀ ਅਫ਼ਸਰ ਸਵਰਨ ਦੀ ਗੱਲ ਛੇੜੀ ਤਾਂ ਪੰਮੀ ਦੇ ਮਾਂ ਬਾਪ ਖ਼ੁਸ਼ੀ ਨਾਲ ਫੁੱਲੇ ਨਾ ਸਮਾਏ। ਸਵਰਨ ਵੀ ਉਹਨਾਂ ਦੇ ਪਿੰਡਾਂ ਦੇ ਨੇੜੇ ਦੇ ਪਿੰਡ ਦਾ ਹੀ ਮੁੰਡਾ ਸੀ। ਉਸ ਨੇ ਕੁਝ ਸਮਾਨ ਆਪਣੇ ਮੰਮੀ ਡੈਡੀ ਲਈ ਭੇਜਿਆ ਸੀ। ਪੰਮੀ ਆਪਣੇ ਮਾਂ ਬਾਪੂ ਨਾ਼ਲ ਜਦ ਗੱਡੀ ਵਿੱਚ ਉਹਨਾਂ ਦੇ ਘਰ ਸਮਾਨ ਦੇਣ ਗਈ ਤਾਂ ਸਵਰਨ ਦੇ ਮਾਂ ਪਿਓ ਨੇ ਪੰਮੀ ਦੀਆਂ ਗੱਲਾਂ ਵਿੱਚ ਬਹੁਤ ਦਿਲਚਸਪੀ ਦਿਖਾਈ। ਜਦੋਂ ਉਹ ਘਰ ਆਏ ਤਾਂ ਸਵਰਨ ਦਾ ਪੰਮੀ ਦੇ ਬਾਪੂ ਨੂੰ ਫ਼ੋਨ ਆ ਗਿਆ ਕਿ ਪੰਮੀ ਉਸ ਦੇ ਮੰਮੀ ਡੈਡੀ ਨੂੰ ਬਹੁਤ ਪਸੰਦ ਆਈ ਹੈ,ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਰਿਸ਼ਤੇ ਦੀ ਗੱਲ ਚਲਾ ਸਕਦੇ ਹਨ? ਪੰਮੀ ਦਾ ਬਾਪੂ ਖ਼ੁਸ਼ੀ ਵਿੱਚ ਫੁੱਲਿਆ ਨਾ ਸਮਾਇਆ, ਉਸ ਨੇ ਪੰਮੀ ਤੇ ਉਸ ਦੀ ਮਾਂ ਨੂੰ ਆਪਣੀਆਂ ਦੋਹਾਂ ਬਾਹਾਂ ਵਿੱਚ ਲੈ ਕੇ ਖੁਸ਼ੀ ਮਨਾਈ। ਥੋੜ੍ਹੇ ਦਿਨਾਂ ਵਿੱਚ ਹੀ ਰਿਸ਼ਤਾ ਪੱਕਾ ਹੋ ਗਿਆ । ਸਵਰਨ ਦੇ ਮੰਮੀ ਡੈਡੀ ਆ ਕੇ ਪੰਮੀ ਦਾ ਰੋਕਾ ਕਰ ਗਏ ਤੇ ਇਨ੍ਹਾਂ ਨੇ ਸਵਰਨ ਦੀ ਫੋਟੋ ਨੂੰ ਹੀ ਸ਼ਗਨ ਲਾ ਕੇ ਰੋਕਾ ਕਰ ਲਿਆ। ਅਗਲੀ ਛੁੱਟੀ ਵਿੱਚ ਦੋਹਾਂ ਦਾ ਵਿਆਹ ਤੈਅ ਕਰ ਦਿੱਤਾ ਗਿਆ।

ਪੰਮੀ ਤੇ ਸਵਰਨ ਦੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ । ਪੰਮੀ ਦੀ ਭੂਆ ਵੀ ਖ਼ਰੀਦਦਾਰੀ ਵਿੱਚ ਆਪਣੀ ਭਰਜਾਈ ਦਾ ਸਾਥ ਦਿੰਦੀ। ਵਿਆਹ ਵਾ਼ਲਾ ਦਿਨ ਵੀ ਆ ਗਿਆ। ਸਾਰੇ ਪਾਸੇ ਖ਼ੁਸ਼ੀਆਂ ਦਾ ਮਾਹੌਲ ਸੀ। ਸਾਰੇ ਕਾਰਜ ਖ਼ੁਸ਼ੀ ਖ਼ੁਸ਼ੀ ਨੇਪਰੇ ਚੜ੍ਹ ਗਏ ਸਨ। ਵਿਆਹ ਤੋਂ ਕੁਝ ਦਿਨ ਬਾਅਦ ਸਵਰਨ ਤੇ ਪੰਮੀ ਆਪਣੀਆਂ ਨੌਕਰੀਆਂ ਤੇ ਚਲੇ ਗਏ। ਜਿੰਨਾਂ ਪਿਆਰ ਸਵਰਨ ਤੇ ਪੰਮੀ ਵਿੱਚ ਸੀ,ਉਸ ਤੋਂ ਵੀ ਵੱਧ ਪਿਆਰ ਉਨ੍ਹਾਂ ਦੇ ਮਾਪਿਆਂ ਦੀਆਂ ਦੋਹਾਂ ਧਿਰਾਂ ਦਾ ਆਪਸ ਵਿੱਚ ਸੀ। ਦੋਵੇਂ ਬੱਚੇ ਚਾਹੇ ਨੌਕਰੀਆਂ ਤੇ ਸਨ ਪਰ ਦੋਵੇਂ ਪਰਿਵਾਰਾਂ ਦਾ ਆਪਸੀ ਮਿਲਵਰਤਣ ਤੇ ਪਿਆਰ ਨਿਰੰਤਰ ਅੱਗੇ ਵਧ ਰਿਹਾ ਸੀ। ਸਾਲ ਬਾਅਦ ਪੰਮੀ ਦੇ ਪੁੱਤਰ ਹੋਇਆ ਜਿਸ ਦਾ ਨਾਂ ਜ਼ੋਰਾ ਰੱਖਿਆ । ਜ਼ੋਰਾ ਦੋ ਸਾਲ ਦਾ ਹੋਇਆ ਤਾਂ ਉਹਨਾਂ ਦੇ ਘਰ ਇੱਕ ਧੀ ਰੂਹੀ ਨੇ ਜਨਮ ਲਿਆ। ਦੋਵੇਂ ਪਰਿਵਾਰ ਬਹੁਤ ਖੁਸ਼ਹਾਲ ਪਰਿਵਾਰ ਸਨ।

ਜ਼ੋਰਾ ਪੰਜ ਸਾਲ ਦਾ ਤੇ ਰੂਹੀ ਤੀਜੇ ਸਾਲ ਵਿੱਚ ਸੀ। ਪੰਮੀ ਡਿਊਟੀ ਤੇ ਜਾਣ ਲਈ ਤਿਆਰ ਹੋ ਰਹੀ ਸੀ। ਸਵਰਨ ਰਾਤ ਦਾ ਹੀ ਡਿਊਟੀ ਤੇ ਗਿਆ ਹੋਇਆ ਸੀ ਜਿੱਥੇ ਫ਼ੌਜ ਦਾ ਅੱਤਵਾਦੀਆਂ ਨਾ਼ਲ ਮੁਕਾਬਲਾ ਚੱਲ ਰਿਹਾ ਸੀ। ਪੰਮੀ ਨਾਲ ਦੀ ਨਾਲ ਟੀ ਵੀ ਖਬਰਾਂ ਵੀ ਸੁਣ ਰਹੀ ਸੀ। ਅਚਾਨਕ ਖ਼ਬਰ ਆਈ ਕਿ ਸਾਰੇ ਅੱਤਵਾਦੀ ਮਾਰੇ ਗਏ ਸਨ ਤੇ ਤਿੰਨ ਫੌਜੀ ਅਫ਼ਸਰ ਤੇ ਦੋ ਜਵਾਨ ਸ਼ਹੀਦ ਹੋ ਗਏ ਸਨ। ਜਦ ਸ਼ਹੀਦਾਂ ਦੇ ਨਾਂ ਲਏ ਤਾਂ ਕੈਪਟਨ ਸਵਰਨ ਸਿੰਘ ਦਾ ਨਾਂ ਸੁਣਦੇ ਸਾਰ ਉਹ ਗੁੰਮ ਜਿਹੀ ਹੋ ਗਈ। ਉਸ ਨੇ ਆਪਣੇ ਦੋਵਾਂ ਬੱਚਿਆਂ ਦੇ ਮੂੰਹਾਂ ਵੱਲ ਤੱਕਿਆ ਤੇ ਉਨ੍ਹਾਂ ਨੂੰ ਕਾਲਜੇ ਨਾ਼ਲ ਘੁੱਟ ਕੇ ਲਾ ਕੇ ਕਿੰਨਾਂ ਚਿਰ ਖੜ੍ਹੀ ਰਹੀ। ਫਿਰ ਕੰਬਦੇ ਹੱਥਾਂ ਨਾਲ ਫ਼ੋਨ ਚੁੱਕਿਆ ਤੇ ਆਪਣੇ ਬਾਪੂ ਨੂੰ ਕਿਹਾ,".... ਬਾਪੂ ਇੱਕ ਵਾਰ ਫਿਰ ਤੋਂ...ਤਕੜਾ ਹੋ ਜਾ.... ਤੇਰੇ ਸਿਰ 'ਤੇ ਤੀਹ ਸਾਲ ਪਹਿਲਾਂ ਵਾ਼ਲੀ ਜ਼ਿੰਮੇਵਾਰੀ ਆ ਪਈ ਹੈ...!" ਕਹਿ ਕੇ ਫ਼ੋਨ ਕੱਟ ਦਿੱਤਾ। ਬੱਚਿਆਂ ਸਾਹਮਣੇ ਉਹ ਨਾ ਰੋਈ। ਉਹ ਆਪਣੇ ਆਪ ਨੂੰ ਬਹੁਤ ਸੰਭਾਲਣ ਦੀ ਕੋਸ਼ਿਸ਼ ਕਰ ਰਹੀ ਸੀ।

ਸ਼ਹੀਦ ਸਵਰਨ ਸਿੰਘ ਦਾ ਸਰੀਰ ਲੈ ਕੇ ਆਪਣੇ ਦੋਵੇਂ ਬੱਚਿਆਂ ਨਾ਼ਲ ਜਦ ਉਹ ਫੌਜੀ ਗੱਡੀ ਵਿੱਚੋਂ ਉਤਰੀ ਤਾਂ ਪਿੰਡ ਦੇ ਲੋਕਾਂ ਦਾ ਠਾਠਾਂ ਮਾਰਦਾ ਇਕੱਠ,ਚਾਰੇ ਪਾਸੇ ਚੀਕ ਚਿਹਾੜਾ ਪਿਆ ਹੋਇਆ ਸੀ। ਉਹ ਬਹੁਤ ਸੰਜਮਤਾ ਤੋਂ ਕੰਮ ਲੈਂਦੀ ਹੋਈ ਆਪਣੇ ਮਾਂ ਬਾਪੂ ਤੇ ਸਵਰਨ ਦੇ ਮੰਮੀ ਡੈਡੀ ਨੂੰ ਆਪਣੀਆਂ ਦੋਹਾਂ ਬਾਹਾਂ ਵਿੱਚ ਲੈ ਕੇ ਉਨ੍ਹਾਂ ਨੂੰ ਦਿਲਾਸਾ ਦਿੰਦੀ ਹੈ,".... ਤੁਸੀਂ ਸ਼ਹੀਦ ਦੇ ਮਾਂ ਬਾਪ ਹੋ...ਤੇ ਮੈਂ ਸ਼ਹੀਦ ਦੀ ਪਤਨੀ ਹਾਂ.... ਮੈਂ ਦੋ ਮਾਵਾਂ ਤੇ ਦੋ ਪਿਓਆਂ ਦੀ ਆਸ ਹਾਂ.... ਮੈਨੂੰ ਡੋਲਣ ਨਾ ਦਿਓ...!" ਕਹਿ ਕੇ ਇੱਕ ਵਾਰ ਤਾਂ ਉਹ ਫੁੱਟ ਫੁੱਟ ਕੇ ਰੋਂਦੀ ਹੈ ਤੇ ਫਿਰ ਆਪਣੇ ਆਪ ਨੂੰ ਤੇ ਬੱਚਿਆਂ ਨੂੰ ਸੰਭਾਲਦੀ ਹੈ। ਸਵਰਨ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਜਿਵੇਂ ਹੀ ਪੰਜ ਸਾਲ ਦੇ ਜ਼ੋਰੇ ਨੇ ਉਸ ਨੂੰ ਅਗਨੀ ਦਿੱਤੀ ਤਾਂ ਠਾਠਾਂ ਮਾਰਦੇ ਇਕੱਠ ਵਿੱਚ ਕੋਈ ਅੱਖ ਵੀ ਸੁੱਕੀ ਨਾ ਰਹੀ। ਪੰਮੀ ਨੇ ਵੀ ਸ਼ਹੀਦ ਸਵਰਨ ਸਿੰਘ ਨੂੰ ਸਲੂਟ ਮਾਰ ਕੇ ਆਖ਼ਰੀ ਵਿਦਾਇਗੀ ਦਿੱਤੀ। ਅੰਤਿਮ ਰਸਮਾਂ ਵੀ ਹੋ ਗਈਆਂ। ਪੰਮੀ ਦੇ ਸੱਸ ਸਹੁਰਾ, ਮਾਂ ਬਾਪੂ ਤੇ ਉਸ ਦੀ ਭੂਆ ਤੇ ਉਸ ਦੇ ਪੁੱਤਰ ਵੀ ਭੋਗ ਤੋਂ ਬਾਅਦ ਘਰ ਵਿੱਚ ਦਰੀ ਉੱਤੇ ਚੁੱਪ ਸ਼ਾਂਤ ਬੈਠੇ ਸਨ। ਪੰਮੀ ਦੀ ਭੂਆ ਦਾ ਪੁੱਤ ਜੋ ਕਨੇਡਾ ਤੋਂ ਆਇਆ ਸੀ,ਆਖਣ ਲੱਗਿਆ," ... ਦੀਦੀ....ਸਾਰੀ ਲਾਈਫ ਕਿਵੇਂ ਨਿਕਲੇਗੀ.... ਤੁਹਾਨੂੰ ਆਪਣੇ ਫਿਊਚਰ ਬਾਰੇ ਕੁਝ ਸੋਚਣਾ ਪਵੇਗਾ...!" ਇਸ ਤੋਂ ਪਹਿਲਾਂ ਕੋਈ ਹੋਰ ਕੁਛ ਬੋਲਦਾ ਪੰਮੀ ਬੋਲੀ,".... ਕੋਈ ਨਾ ਰੱਬ ਨੇ ਉਹਦੀਆਂ ਦੋ ਨਿਸ਼ਾਨੀਆਂ ਦੇ ਦਿੱਤੀਆਂ ਨੇ.... ਓਹਨਾਂ ਦੇ ਸਹਾਰੇ ਜ਼ਿੰਦਗੀ ਨਿਕਲ ਜਾਊ.... ਮੈਂ ਇੱਕ ਫੌਜ ਦੀ ਅਫ਼ਸਰ ਹਾਂ... ਮੇਰੇ ਉੱਤੇ ਆਪਣੇ ਦੇਸ਼ ਤੇ ਬੱਚਿਆਂ ਦੇ ਨਾਲ ਨਾਲ ...ਦੋ ਘਰਾਂ ਦੀ ਜ਼ਿੰਮੇਵਾਰੀ ਹੈ... ਮੈਂ ਬੱਚਿਆਂ ਤੇ ਆਪਣੇ ਬਜ਼ੁਰਗਾਂ ਨੂੰ ਕਦੇ ਸਵਰਨ ਦੀ ਕਮੀ ਮਹਿਸੂਸ ਨਹੀਂ ਹੋਣ ਦੇਵਾਂਗੀ ...ਇਹ ਰਿਸ਼ਤੇ ਕਿਹੜਾ ਇੱਕ ਦੋ ਦਿਨ ਦੇ ਰਿਸ਼ਤੇ ਹੁੰਦੇ ਹਨ.....ਇਹ ਤਾਂ ਉਮਰਾਂ ਦੇ ਸੌਦੇ ਹੁੰਦੇ ਹਨ.... !" ਪੰਮੀ ਦੀ ਭੂਆ ਦੇ ਵਿਧਵਾ ਹੋਣ ਸਮੇਂ ਜਿਹੜਾ ਜਵਾਬ ਉਸ ਦੀ ਲੋਕਾਂ ਨੂੰ ਦਿੰਦੀ ਸੀ ਉਹੀ ਗੱਲ ਪੰਮੀ ਦੇ ਮੂੰਹੋਂ ਸੁਣ ਕੇ ਉਸ ਦੇ ਮਾਂ ਬਾਪੂ ਨੂੰ ਉਸ ਤੇ ਬੜਾ ਮਾਣ ਮਹਿਸੂਸ ਹੋਇਆ।




ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਹਾਸਾ-ਠੱਠਾ

ਹਾਸਾ-ਠੱਡਾ ਕਰਕੇ ਵਕਤ ਲੰਘਾ ਲਈਏ।
ਜੋ ਹੋਣਾ ਹੋ ਜਾਣਾ ਮਨ ਸਮਝਾ ਲਈਏ।
ਹਊ ਪਰੇ ਵੀ ਕਰਨ ਦਾ ਜੇਰਾ ਰੱਖੀਦਾ,
ਨਿੱਕੀ-ਮੋਟੀ ਗੱਲ ਨਾ ਦਿਲ ਤੇ ਲਾ ਲਈਏ।
ਅਸਲ'ਚ ਵਕਤ ਸੁਨਹਿਰੀ ਉਹੀ ਹੁੰਦਾ ਏ,
ਬਹਿਕੇ ਜਿਹੜਾ ਸੱਜਣਾ ਕੋਲ ਬਿਤਾਅ ਲਈਏ।
ਰੋਸੇ-ਗਿਲਿਆਂ ਵਿੱਚੋਂ ਤਾਂ ਕੁੱਝ ਲੱਭਣਾ ਨਹੀਂ,
ਮੰਨ ਜਾਈਏ ਜਾਂ ਰੁੱਸਿਆ ਯਾਰ ਮਨਾ ਲਈਏ।
ਦਿਲ ਦੀ ਗੱਲ ਜੀਦ੍ਹੇ ਨਾਲ ਸਾਂਝੀ ਹੋ ਜਾਵੇ,
ਇੱਕ-ਅੱਧਾ ਏਦਾਂ ਦਾ ਯਾਰ ਬਣਾ ਲਈਏ।
ਰੱਖੀਏ ਨਾ ਕਦੇ ਬਹੁਤੀ ਆਸ ਬਿਗਾਨਿਆਂ ਤੋਂ,
ਰੁੱਖੀ-ਮਿਸੀ ਖਾ ਕੇ ਡੰਗ ਟਪਾ ਲਈਏ।
ਨੁਕਤਾਚੀਨੀ ਕਰੀਏ ਨਾ ਕਦੇ ਖਾਣੇ ਦੀ,
ਜੋ ਮਿਲ ਜਾਵੇ ਉਹੀ ਹੱਸਕੇ ਖਾ ਲਈਏ।
ਪੈਰ ਹਮੇਸ਼ਾ 'ਨਾਗਰਾ' ਰੱਖੀਏ ਧਰਤੀ ਤੇ,
ਗੁੱਡੀ ਬੇਸ਼ੱਕ ਅੰਬਰਾਂ ਵਿੱਚ ਚੜ੍ਹਾਅ ਲਈਏ।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



# ਖੋਏ ਮਲਾਈ ਦੀਆਂ ਬਾਤਾਂ

ਬਰਫ਼ ਲੈ ਲਓ ਖੋਏ ਮਲਾਈ।
ਸਾਡੀ ਗਲੀ ਸੀ ਆਉਂਦਾ ਭਾਈ।
ਗਰਮ ਕੱਪੜੇ ਵਿੱਚ ਲਪੇਟੀ।
ਪਿਓਰ ਦੁੱਧ ਦੀ, ਰੰਗ ਸਲੇਟੀ।

ਜਦ ਸੀ ਉਹ ਹੋਕਾ ਲਾਉਦਾ।
ਬੰਟੀ,ਜੀਵਨ ਭੱਜਿਆ ਆਉਦਾ।
ਮੋਢਿਆਂ ਉੱਤੋਂ ਬਕਸਾ ਲਾਹ ਕੇ।
ਬਹਿ ਜਾਂਦਾ ਸੀ ਪੀੜੀ ਡਾਹ ਕੇ।

ਕਰਦ ਨਾਲ ਸੀ ਟੁਕੜੇ ਕਰਦਾ।
ਕੱਟ ਕੱਟ ਕਾਗਜ਼ ਉੱਤੇ ਧਰਦਾ।
ਅਸੀਂ ਜਦ ਝੂੰਗਾ ਮੰਗ ਲੈਂਦੇ।
ਉਲਟਾ ਹੱਥ ਕਰ ਕੋਲੇ ਬਹਿੰਦੇ।

ਨਾਲ ਜੀਭ ਦੇ ਸੀ ਚੱਟੀ ਜਾਂਦੇ।
ਬੜੇ ਸਵਾਦਾਂ ਨਾਲ ਸੀ ਖਾਂਦੇ।
ਮਿੰਟੋ ਮਿੰਟੀ ਲੈਂ ਜਾਦੇ ਸਾਰੇ।
ਬਚਪਨ ਦੇ ਦਿਨ ਕਿੰਨੇ ਪਿਆਰੇ।

ਅੱਜ ਉਹ ਭਾਈ ਆਉਣੋ ਹਟ ਗਏ।
ਅੱਗੇ ਨਾਲੋਂ ਬਹੁਤੇ ਘੱਟ ਗਏ।

ਉਹ ਦਿਨ ਹੁਣ ਮੁੜ ਨੀਂ ਆਉਂਦੇ
'ਪੱਤੋ' ਵਰਗੇ ਅੱਜ ਬਾਤਾਂ ਪਾਉਂਦੇ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

SANJHI SOCH TV & DAILY NEWSPAPER

TO EXPAND YOUR BUSINESS IN INDIAN COMMUNITY




Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260